शिक्षा मंत्रालय
स्कूल शिक्षा और साक्षरता विभाग
MINISTRY OF EDUCATION
Department of School Education & Literacy

समग्र शिक्षा
Samagra Shiksha

# ਸਕੂਲ ਪ੍ਰਬੰਧਕ ਕਮੇਟੀਆਂ (ਐਸ.ਐਮ.ਸੀ.) ਲਈ ਦਿਸ਼ਾ-ਨਿਰਦੇਸ਼




ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ,
ਸਿੱਖਿਆ ਮੰਤਰਾਲਾ, ਭਾਰਤ ਸਰਕਾਰ
(ਮਈ 2026)

**ਮਈ 2026**
PD 0.5H BS

© ਰਾਸ਼ਟਰੀ ਸਿੱਖਿਆ ਅਨੁਸੰਧਾਨ ਅਤੇ ਪ੍ਰਸ਼ਿਕਸ਼ਣ ਪਰਿਸ਼ਦ, 2026

ਪ੍ਰਕਾਸ਼ਨ ਵਿਭਾਗ ਵਿੱਚ ਸਕੱਤਰ, ਰਾਸ਼ਟਰੀ ਸਿੱਖਿਆ ਅਨੁਸੰਧਾਨ ਅਤੇ ਪ੍ਰਸ਼ਿਕਸ਼ਣ ਪਰਿਸ਼ਦ, ਸ਼੍ਰੀ ਅਰਵਿੰਦ ਮਾਰਗ, ਨਵੀਂ ਦਿੱਲੀ – 110 016 ਦੁਆਰਾ ਪ੍ਰਕਾਸ਼ਿਤ ਅਤੇ ਨਾਰਾਇਣ ਪ੍ਰਿੰਟਰਜ਼ ਐਂਡ ਬਾਈਂਡਰਜ਼, ਡੀ-177-178, ਸੈਕਟਰ-63, ਨੋਏਡਾ (ਯੂ.ਪੀ.) 201 301 ਦੁਆਰਾ ਛਾਪੀ ਗਈ।

शिक्षा मंत्रालय
स्कूल शिक्षा और साक्षरता विभाग
MINISTRY OF EDUCATION
Department of School Education & Literacy

समग्र शिक्षा
Samagra Shiksha

# ਸਕੂਲ ਪ੍ਰਬੰਧਕ ਕਮੇਟੀਆਂ (ਐਸ.ਐਮ.ਸੀ.) ਲਈ ਦਿਸ਼ਾ-ਨਿਰਦੇਸ਼

ਸਕੂਲੀ ਸਿੱਖਿਆ ਅਤੇ ਸਾਖਰਤਾ ਵਿਭਾਗ,
ਸਿੱਖਿਆ ਮੰਤਰਾਲਾ, ਭਾਰਤ ਸਰਕਾਰ
(ਮਈ 2026)

धर्मेन्द्र प्रधान
ଧର୍ମେନ୍ଦ୍ର ପ୍ରଧାନ
Dharmendra Pradhan

सत्यमेव जयते

शिक्षा मंत्री
भारत सरकार
Minister of Education
Government of India



## ਸੁਨੇਹਾ

ਮੈਨੂੰ ਇਹ ਜਾਣ ਕੇ ਖੁਸ਼ੀ ਹੋ ਰਹੀ ਹੈ ਕਿ ਸਿੱਖਿਆ ਮੰਤਰਾਲੇ ਦੇ ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਦੁਆਰਾ ਸਕੂਲ ਪ੍ਰਬੰਧਕ ਕਮੇਟੀ (ਐਸ.ਐਮ.ਸੀ.) ਦਿਸ਼ਾ-ਨਿਰਦੇਸ਼, 2026 ਜਾਰੀ ਕੀਤੇ ਜਾ ਰਹੇ ਹਨ। ਇਹ ਦਿਸ਼ਾ-ਨਿਰਦੇਸ਼ ਸਮਾਵੇਸ਼ੀ ਸਿੱਖਿਆ ਨੂੰ ਉਤਸ਼ਾਹਿਤ ਕਰਨ, ਸਹਿਭਾਗੀ ਸਕੂਲ ਵਿਕਾਸ ਯੋਜਨਾ ਨੂੰ ਮਜ਼ਬੂਤ ਬਣਾਉਣ ਅਤੇ ਸਕੂਲਾਂ, ਮਾਪਿਆਂ, ਸਥਾਨਕ ਅਥਾਰਟੀਆਂ, ਹੋਰ ਵਿਭਾਗਾਂ ਅਤੇ ਭਾਈਚਾਰੇ ਵਿਚਕਾਰ ਸਹਿਯੋਗ ਅਤੇ ਤਾਲਮੇਲ ਨੂੰ ਮਜ਼ਬੂਤ ਕਰਨ ਵਿੱਚ ਐਸ.ਐਮ.ਸੀ. ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਸਪੱਸ਼ਟ ਰੂਪ ਵਿੱਚ ਪਰਿਭਾਸ਼ਿਤ ਕਰਦੇ ਹਨ।

ਰਾਸ਼ਟਰੀ ਸਿੱਖਿਆ ਨੀਤੀ (ਐਨ.ਈ.ਪੀ.) - 2020 ਸਿੱਖਿਆ ਨੂੰ ਸਰਕਾਰ, ਸਕੂਲਾਂ, ਮਾਪਿਆਂ ਅਤੇ ਭਾਈਚਾਰੇ ਦੀ ਸਾਂਝੀ ਜ਼ਿੰਮੇਵਾਰੀ ਵਜੋਂ ਮਾਨਤਾ ਦਿੰਦੀ ਹੈ। ਐਨ.ਈ.ਪੀ.-2020 ਇਹ ਰੇਖਾਂਕਿਤ ਕਰਦੀ ਹੈ ਕਿ ਵਿਦਿਆਰਥੀਆਂ ਦੀ ਸਿੱਖਣ, ਭਲਾਈ ਅਤੇ ਸਕੂਲ ਦੀ ਜਵਾਬਦੇਹੀ ਵਿੱਚ ਸੁਧਾਰ ਲਿਆਉਣ ਲਈ — ਖਾਸ ਤੌਰ ‘ਤੇ ਵਾਂਝੇ ਅਤੇ ਘੱਟ ਨੁਮਾਇੰਦਗੀ ਵਾਲੇ ਵਰਗਾਂ ਦੇ ਬੱਚਿਆਂ ਦੇ ਸੰਦਰਭ ਵਿੱਚ — ਮਾਪਿਆਂ ਅਤੇ ਭਾਈਚਾਰੇ ਦੀ ਸਾਰਥਕ ਭਾਗੀਦਾਰੀ ਬਹੁਤ ਜ਼ਰੂਰੀ ਹੈ। ਮੇਰਾ ਪੱਕਾ ਵਿਸ਼ਵਾਸ ਹੈ ਕਿ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀਆਂ ਸਕੂਲ ਪ੍ਰਬੰਧਕ ਕਮੇਟੀਆਂ (ਐਸ.ਐਮ.ਸੀ.) ਸਮਾਵੇਸ਼ੀ, ਸਹਿਯੋਗਾਤਮਕ ਅਤੇ ਪ੍ਰਭਾਵਸ਼ਾਲੀ ਸਿੱਖਣ ਵਾਲਾ ਵਾਤਾਵਰਣ ਤਿਆਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ।

ਮਾਣਯੋਗ ਪ੍ਰਧਾਨ ਮੰਤਰੀ ਦੇ ਵਿਕਸਿਤ ਭਾਰਤ @2047 ਦੇ ਵਿਜ਼ਨ ਵਿੱਚ ਸਿੱਖਿਆ ਨੂੰ ਰਾਸ਼ਟਰ ਨਿਰਮਾਣ ਦੇ ਕੇਂਦਰ ਵਿੱਚ ਅਤੇ ਜਨ-ਭਾਗੀਦਾਰੀ ਨੂੰ ਸ਼ਾਸਨ ਦੀ ਆਧਾਰਸ਼ਿਲਾ ਵਜੋਂ ਸਥਾਪਿਤ ਕੀਤਾ ਗਿਆ ਹੈ। ਇੱਕ ਮਜ਼ਬੂਤ, ਸਮਾਵੇਸ਼ੀ ਅਤੇ ਆਤਮ-ਨਿਰਭਰ ਭਾਰਤ ਦਾ ਨਿਰਮਾਣ ਤਾਂ ਹੀ ਸੰਭਵ ਹੈ, ਜਦੋਂ ਹਰੇਕ ਬੱਚੇ ਨੂੰ ਗੁਣਵੱਤਾ ਭਰਪੂਰ ਸਿੱਖਿਆ ਪ੍ਰਾਪਤ ਹੋਵੇ ਅਤੇ ਭਾਈਚਾਰਾ ਆਪਣੇ ਸਕੂਲਾਂ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਸਰਗਰਮੀ ਨਾਲ ਹਿੱਸਾ ਲਵੇ।

ਇਸ ਸੰਦਰਭ ਵਿੱਚ, ਸਕੂਲ ਪ੍ਰਬੰਧਕ ਕਮੇਟੀਆਂ (ਐਸ.ਐਮ.ਸੀ.) ਜ਼ਮੀਨੀ ਪੱਧਰ ‘ਤੇ ਸਕੂਲੀ ਸਿੱਖਿਆ ਨੂੰ ਮਜ਼ਬੂਤ ਕਰਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਮਾਪਿਆਂ, ਅਧਿਆਪਕਾਂ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠੇ ਲਿਆ ਕੇ, ਐਸ.ਐਮ.ਸੀ., ਸਕੂਲਾਂ ਨੂੰ ਸਿੱਖਣ ਦੇ ਨਤੀਜਿਆਂ ਵਿੱਚ ਸੁਧਾਰ, ਜਵਾਬਦੇਹੀ ਨੂੰ ਯਕੀਨੀ ਬਣਾਉਣ ਅਤੇ ਸਮਾਨਤਾ ਨੂੰ ਉਤਸ਼ਾਹਿਤ ਕਰਨ ਵਿੱਚ ਸਹਾਇਤਾ ਪ੍ਰਦਾਨ ਕਰਦੀਆਂ ਹਨ। ਸਕੂਲ ਯੋਜਨਾਬੰਦੀ ਅਤੇ ਫੈਸਲੇ ਲੈਣ ਵਿੱਚ ਉਹਨਾਂ ਦੀ ਭਾਗੀਦਾਰੀ ਸਕੂਲਾਂ ਨੂੰ ਸਥਾਨਕ ਲੋੜਾਂ ਅਨੁਸਾਰ ਬਿਹਤਰ ਜਵਾਬ ਦੇਣ ਦੇ ਯੋਗ ਬਣਾਉਂਦੀ ਹੈ ਅਤੇ ਭਾਈਚਾਰੇ ਦੇ ਅੰਦਰ ਮਲਕੀਅਤ ਅਤੇ ਵਿਸ਼ਵਾਸ ਦੀ ਭਾਵਨਾ ਨੂੰ ਮਜ਼ਬੂਤ ਕਰਦੀ ਹੈ।

ਵਿਕਸਿਤ ਭਾਰਤ @2047 ਦੀ ਯਾਤਰਾ ਸਮਰੱਥ, ਆਤਮ-ਵਿਸ਼ਵਾਸੀ ਅਤੇ ਜ਼ਿੰਮੇਵਾਰ ਨਾਗਰਿਕਾਂ ਦੇ ਨਿਰਮਾਣ ‘ਤੇ ਨਿਰਭਰ ਕਰਦੀ ਹੈ। ਮਜ਼ਬੂਤ ਸਕੂਲ, ਜੋ ਸਰਗਰਮ ਅਤੇ ਮਜ਼ਬੂਤ ਐਸ.ਐਮ.ਸੀ. ਦੁਆਰਾ ਸਮਰਥਿਤ ਹਨ, ਇਸ ਰਾਸ਼ਟਰੀ ਟੀਚੇ ਦੀ ਪ੍ਰਾਪਤੀ ਲਈ ਬੁਨਿਆਦੀ ਹਨ। ਜ਼ਮੀਨੀ ਪੱਧਰ ‘ਤੇ ਸਕੂਲ ਸ਼ਾਸਨ ਨੂੰ ਮਜ਼ਬੂਤ ਕਰਕੇ ਅਸੀਂ ਆਪਣੇ ਬੱਚਿਆਂ ਦੇ ਭਵਿੱਖ ਅਤੇ ਭਾਰਤ ਦੇ ਭਵਿੱਖ ਲਈ ਇੱਕ ਮਜ਼ਬੂਤ ਨੀਂਹ ਰੱਖ ਰਹੇ ਹਾਂ।

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਦਿਸ਼ਾ-ਨਿਰਦੇਸ਼ ਦੇਸ਼ ਭਰ ਵਿੱਚ ਪ੍ਰਭਾਵਸ਼ਾਲੀ ਸਕੂਲ ਸ਼ਾਸਨ ਲਈ ਇੱਕ ਮਜ਼ਬੂਤ ਅਤੇ ਭਵਿੱਖ-ਮੁਖੀ ਢਾਂਚਾ ਪ੍ਰਦਾਨ ਕਰਨਗੇ ਅਤੇ ਹਰੇਕ ਬੱਚੇ ਲਈ ਗੁਣਵੱਤਾ ਭਰਪੂਰ, ਸਮਾਵੇਸ਼ੀ ਅਤੇ ਸੰਪੂਰਨ ਸਿੱਖਿਆ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਣਗੇ।

ਧਰਮੇਂਦਰ ਪ੍ਰਧਾਨ

**ਸਭ ਲਈ ਸਿੱਖਿਆ, ਚੰਗੀ ਸਿੱਖਿਆ**

ਕਮਰਾ ਨੰਬਰ - 21107, ਪਹਿਲੀ ਮੰਜ਼ਿਲ, ਮਾਨਯੋਗ ਸਿੱਖਿਆ ਮੰਤਰੀ ਦਾ ਦਫ਼ਤਰ, ਗੇਟ ਨੰਬਰ 04, ਕਾਰਤਵਯ ਭਵਨ-2, ਨਵੀਂ ਦਿੱਲੀ-110001
ਈਮੇਲ: minister.sm@gov.in

जयन्त चौधरी
JAYANT CHAUDHARY

कौशल विकास और उद्यमशीलता
राज्य मंत्री (स्वतंत्र प्रभार) एवं
शिक्षा राज्य मंत्री
भारत सरकार
Minister of State (Independent Charge) for
Skill Development and Entrepreneurship
and Minister of State for Education
Government of India



## ਸੁਨੇਹਾ

ਸਿੱਖਿਆ ਰਾਸ਼ਟਰੀ ਵਿਕਾਸ ਦਾ ਕੇਂਦਰੀ ਬਿੰਦੂ ਹੈ, ਅਤੇ ਭਾਈਚਾਰਕ ਭਾਗੀਦਾਰੀ ਇਸ ਦੀ ਸਭ ਤੋਂ ਸ਼ਕਤੀਸ਼ਾਲੀ ਪ੍ਰੇਰਕ ਸ਼ਕਤੀ ਹੈ। ਇੱਕ ਸਮਾਵੇਸ਼ੀ ਅਤੇ ਭਵਿੱਖ-ਮੁਖੀ ਰਾਸ਼ਟਰ ਦੇ ਨਿਰਮਾਣ ਲਈ ਸਾਡੇ ਸਕੂਲਾਂ ਦਾ ਭਾਈਚਾਰਿਆਂ ਨਾਲ ਜੁੜਿਆ ਹੋਣਾ ਜ਼ਰੂਰੀ ਹੈ। ਭਾਈਚਾਰੇ ਦਾ ਸਰਗਰਮ ਸਹਿਯੋਗ ਸਕੂਲਾਂ ਨੂੰ ਮਜ਼ਬੂਤ ਅਤੇ ਜੀਵੰਤ ਬਣਾਉਂਦਾ ਹੈ।

ਰਾਸ਼ਟਰੀ ਸਿੱਖਿਆ ਨੀਤੀ (NEP) 2020 ਸਕੂਲਾਂ ਨੂੰ ਅਜਿਹੀਆਂ ਜੀਵੰਤ ਸੰਸਥਾਵਾਂ ਵਜੋਂ ਦੇਖਦੀ ਹੈ, ਜਿੱਥੇ ਮਾਪੇ, ਅਧਿਆਪਕ ਅਤੇ ਸਥਾਨਕ ਹਿੱਸੇਦਾਰ ਮਿਲ ਕੇ ਸੰਪੂਰਨ ਵਿਕਾਸ, ਬਿਹਤਰ ਸਿੱਖਣ ਦੇ ਨਤੀਜਿਆਂ ਅਤੇ ਹਰੇਕ ਬੱਚੇ ਦੀ ਭਲਾਈ ਨੂੰ ਯਕੀਨੀ ਬਣਾਉਂਦੇ ਹਨ। ਇਸ ਦ੍ਰਿਸ਼ਟੀਕੋਣ ਦੇ ਕੇਂਦਰ ਵਿੱਚ ਸਕੂਲ ਪ੍ਰਬੰਧਨ ਕਮੇਟੀਆਂ (SMCs) ਹਨ, ਜੋ ਭਾਈਚਾਰਕ ਭਾਗੀਦਾਰੀ, ਸਾਂਝੀ ਜ਼ਿੰਮੇਵਾਰੀ ਅਤੇ ਸਮੂਹਿਕ ਕਾਰਵਾਈ ਲਈ ਜ਼ਮੀਨੀ ਪੱਧਰ ‘ਤੇ ਮੰਚ ਦਾ ਨਿਰਮਾਣ ਕਰਦੀਆਂ ਹਨ।

ਸਕੂਲ ਪ੍ਰਬੰਧਨ ਕਮੇਟੀ ਦਿਸ਼ਾ-ਨਿਰਦੇਸ਼, 2026 ਇਸ ਢਾਂਚੇ ਨੂੰ ਹੋਰ ਮਜ਼ਬੂਤ ਕਰਦੇ ਹਨ। ਇਹ ਦਿਸ਼ਾ-ਨਿਰਦੇਸ਼ SMCs ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਬਣਾਉਣ ਲਈ ਤਿਆਰ ਕੀਤੇ ਗਏ ਹਨ। ਇਨ੍ਹਾਂ ਦੇ ਅਧੀਨ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਸਪੱਸ਼ਟ ਕੀਤਾ ਗਿਆ ਹੈ, ਸਮਾਵੇਸ਼ੀ ਅਤੇ ਲਿੰਗ-ਸੰਤੁਲਿਤ ਪ੍ਰਤੀਨਿਧਤਾ ਨੂੰ ਯਕੀਨੀ ਬਣਾਇਆ ਗਿਆ ਹੈ ਅਤੇ ਸਮਰੱਥਾ ਨਿਰਮਾਣ ‘ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ ਤਾਂ ਜੋ SMCs ਸਕੂਲ ਪ੍ਰਸ਼ਾਸਨ ਅਤੇ ਵਿਦਿਆਰਥੀ ਨਤੀਜਿਆਂ ਵਿੱਚ ਸਾਰਥਕ ਯੋਗਦਾਨ ਪਾ ਸਕਣ।

ਜਦੋਂ ਭਾਈਚਾਰੇ ਆਪਣੇ ਸਕੂਲਾਂ ਦੀ ਮਲਕੀਅਤ ਲੈਂਦੇ ਹਨ, ਤਾਂ ਬੱਚਿਆਂ ਨੂੰ ਸਭ ਤੋਂ ਵੱਧ ਲਾਭ ਹੁੰਦਾ ਹੈ। ਸ਼ਕਤੀਸ਼ਾਲੀ SMCs ਸਾਂਝੀਵਾਲਤਾ ਅਤੇ ਵਿਸ਼ਵਾਸ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਗੀਆਂ। ਹਰ ਬੱਚੇ ਦੀ ਸਫ਼ਲਤਾ ਪ੍ਰਤੀ ਇਹ ਸਾਂਝੀ ਵਚਨਬੱਧਤਾ NEP 2020 ਦੇ ਟੀਚਿਆਂ ਨੂੰ ਅੱਗੇ ਵਧਾਏਗੀ ਅਤੇ ਸਾਰਿਆਂ ਲਈ ਗੁਣਵੱਤਾਪੂਰਨ, ਨਿਆਂਸੰਗਤ ਅਤੇ ਸੰਪੂਰਨ ਸਿੱਖਿਆ ਦਾ ਰਾਹ ਪੱਧਰਾ ਕਰੇਗੀ।

ਜਯੰਤ ਚੌਧਰੀ

ਕਮਰਾ ਨੰਬਰ - 21042, ਪਹਿਲੀ ਮੰਜ਼ਿਲ, ਮਾਨਯੋਗ ਰਾਜ ਮੰਤਰੀ, ਗੇਟ ਨੰਬਰ 04, ਕਾਰਤਵਯ ਭਵਨ-2, ਨਵੀਂ ਦਿੱਲੀ-110001
ਈਮੇਲ: mosedu-jc@gov.in

संजय कुमार, भा.प्र.से
सचिव

**Sanjay Kumar, IAS**
Secretary

सत्यमेव जयते

स्कूल शिक्षा और साक्षरता विभाग
शिक्षा मंत्रालय
भारत सरकार
**Department of School Education & Literacy**
**Ministry of Education**
**Government of India**



## ਸੁਨੇਹਾ

ਸਿੱਖਿਆ, ਖਾਸ ਕਰਕੇ ਸਕੂਲੀ ਸਿੱਖਿਆ, ਇੱਕ ਸਮਾਜਿਕ ਅਤੇ ਭਾਈਚਾਰਕ ਧਾਰਨਾ ਹੈ ਅਤੇ ਰਾਸ਼ਟਰੀ **ਸਿੱਖਿਆ ਨੀਤੀ (ਐਨ.ਈ.ਪੀ.)** 2020 ਸਿੱਖਿਆ ਨੂੰ ਇੱਕ ਸਾਂਝੀ ਸਮਾਜਿਕ ਜ਼ਿੰਮੇਵਾਰੀ ਮੰਨਦੀ ਹੈ। ਇਹ ਨੀਤੀ ਸਕੂਲੀ ਸਿੱਖਿਆ ਵਿੱਚ ਵਿਕੇਂਦਰੀਕ੍ਰਿਤ ਸ਼ਾਸਨ, ਭਾਈਚਾਰੇ ਦੀ ਸਰਗਰਮ ਸ਼ਮੂਲੀਅਤ ਅਤੇ ਮਾਪਿਆਂ ਦੀ ਭਾਗੀਦਾਰੀ 'ਤੇ ਵਿਸ਼ੇਸ਼ ਜ਼ੋਰ ਦਿੰਦੀ ਹੈ। ਐਨ.ਈ.ਪੀ. 2020 ਇਹ ਮੰਨਦੀ ਹੈ ਕਿ ਸਕੂਲ ਉਦੋਂ ਹੀ ਆਪਣੀ ਪੂਰੀ ਸਮਰੱਥਾ ਨਾਲ ਕੰਮ ਕਰ ਸਕਦੇ ਹਨ, ਜਦੋਂ ਉਹ ਆਪਣੇ ਭਾਈਚਾਰਿਆਂ ਨਾਲ ਨੇੜਿਓਂ ਜੁੜੇ ਹੋਣ ਅਤੇ ਸਥਾਨਕ ਹਿੱਸੇਦਾਰ ਹਰੇਕ ਬੱਚੇ ਦੇ ਮਾਨਸਿਕ ਵਾਧੇ ਅਤੇ ਵਿਕਾਸ ਵਿੱਚ ਸਮੂਹਿਕ ਯੋਗਦਾਨ ਪਾਉਣ।

ਇਸ ਸੰਦਰਭ ਵਿੱਚ, ਸਕੂਲ ਪ੍ਰਬੰਧਕ ਕਮੇਟੀਆਂ ਸਥਾਨਕ ਸਕੂਲ ਸ਼ਾਸਨ ਨੂੰ ਮਜ਼ਬੂਤ ਕਰਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਸਕੂਲ ਪੱਧਰ 'ਤੇ ਇੱਕ ਸਮਾਜਿਕ ਸੰਸਥਾ ਵਜੋਂ, **ਐਸ.ਐਮ.ਸੀ**. ਮਾਪਿਆਂ, ਅਧਿਆਪਕਾਂ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠੇ ਕਰਕੇ ਸਕੂਲਾਂ ਦੀ ਸਹਾਇਤਾ ਕਰਨ ਲਈ ਇੱਕ ਮਹੱਤਵਪੂਰਨ ਮੰਚ ਪ੍ਰਦਾਨ ਕਰਦੀ ਹੈ। ਉਨ੍ਹਾਂ ਦੀ ਸਰਗਰਮ ਸ਼ਮੂਲੀਅਤ ਪ੍ਰਭਾਵਸ਼ਾਲੀ ਸਕੂਲ ਯੋਜਨਾਬੰਦੀ, ਸਰੋਤਾਂ ਦੀ ਬਿਹਤਰ ਵਰਤੋਂ, ਸਿੱਖਣ ਦੇ ਨਤੀਜਿਆਂ ਵਿੱਚ ਸੁਧਾਰ ਅਤੇ ਵਿਦਿਆਰਥੀਆਂ ਦੀ ਸਮੁੱਚੀ ਭਲਾਈ ਨੂੰ ਯਕੀਨੀ ਬਣਾਉਣ ਲਈ ਲਾਜ਼ਮੀ ਹੈ। ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਐਸ.ਐਮ.ਸੀ. ਇਹ ਯਕੀਨੀ ਬਣਾਉਂਦੀ ਹੈ ਕਿ ਸਕੂਲ ਸਮਾਵੇਸ਼ੀ, ਜਵਾਬਦੇਹ ਅਤੇ ਸਥਾਨਕ ਲੋੜਾਂ ਪ੍ਰਤੀ ਸੰਵੇਦਨਸ਼ੀਲ ਹੋਣ।

ਐਸ.ਐਮ.ਸੀ. ਇੱਕ ਸਹਿਯੋਗਾਤਮਕ ਸਿੱਖਣ ਦੇ ਵਾਤਾਵਰਣ ਨੂੰ ਉਤਸ਼ਾਹਿਤ ਕਰਨ, ਸਮਾਨਤਾ ਨੂੰ ਯਕੀਨੀ ਬਣਾਉਣ ਅਤੇ ਮਾਪਿਆਂ ਅਤੇ ਭਾਈਚਾਰੇ - ਖਾਸ ਕਰਕੇ ਪੱਛੜੇ ਵਰਗਾਂ ਦੀ ਆਵਾਜ਼ ਨੂੰ ਸਕੂਲੀ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਸਾਰਥਕ ਰੂਪ ਵਿੱਚ ਸ਼ਾਮਲ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ ਦੇ ਨਾਲ ਹੀ ਇਹ ਸਕੂਲ ਪ੍ਰਬੰਧਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਂਦੀਆਂ ਹਨ।

**ਸਕੂਲ ਪ੍ਰਬੰਧਕ ਕਮੇਟੀ** ਦਿਸ਼ਾ-ਨਿਰਦੇਸ਼, 2026 ਇਸੇ ਦ੍ਰਿਸ਼ਟੀਕੋਣ ਨੂੰ ਅਮਲ ਵਿੱਚ ਲਿਆਉਣ ਅਤੇ ਕੁਸ਼ਲ ਸਕੂਲ ਪ੍ਰਬੰਧਨ ਲਈ ਵਿਕਸਤ ਕੀਤੇ ਗਏ ਹਨ। ਇਹ ਦਿਸ਼ਾ-ਨਿਰਦੇਸ਼ ਜ਼ਿੰਮੇਵਾਰੀਆਂ ਨੂੰ ਸਪੱਸ਼ਟ ਕਰਦੇ ਹੋਏ ਜ਼ਮੀਨੀ ਪੱਧਰ 'ਤੇ ਸ਼ਾਸਨ ਨੂੰ ਮਜ਼ਬੂਤ ਕਰਨ, ਭਾਗੀਦਾਰੀ ਵਾਲੀ ਸਕੂਲ ਵਿਕਾਸ ਯੋਜਨਾ ਨੂੰ ਉਤਸ਼ਾਹਿਤ ਕਰਨ ਅਤੇ ਸਕੂਲਾਂ, ਪਰਿਵਾਰਾਂ, ਸਥਾਨਕ ਅਥਾਰਟੀਆਂ ਅਤੇ ਵਿਆਪਕ ਭਾਈਚਾਰੇ ਵਿਚਕਾਰ ਸਹਿਯੋਗ ਨੂੰ ਵਧਾਉਣ ਲਈ ਮਾਰਗਦਰਸ਼ਨ ਪ੍ਰਦਾਨ ਕਰਦੇ ਹਨ। ਇਹ ਦਿਸ਼ਾ-ਨਿਰਦੇਸ਼ ਸਾਰੇ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰੇ, ਸਮਗਰ ਸਿੱਖਿਆ, ਪੂਰਵ ਸਰਵ ਸਿੱਖਿਆ ਅਭਿਆਨ (ਐਸ.ਐਸ.ਏ.) ਅਤੇ ਰਾਸ਼ਟਰੀ ਮਾਧਿਅਮਿਕ ਸਿੱਖਿਆ ਅਭਿਆਨ (ਆਰ.ਐਮ.ਐਸ.ਏ.) ਦੇ ਦਿਸ਼ਾ-ਨਿਰਦੇਸ਼ਾਂ ਅਤੇ ਨਿਯਮਾਂਵਲੀ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੇ ਗਏ ਹਨ। ਇਸ ਦੇ ਲਾਗੂ ਹੋਣ ਤੋਂ ਪਹਿਲਾਂ ਦੇ ਸਾਰੇ ਨਿਰਦੇਸ਼ਾਂ ਨੂੰ ਰੱਦ ਸਮਝਿਆ ਜਾਵੇ।

ਜਿਵੇਂ-ਜਿਵੇਂ ਭਾਰਤ **ਵਿਕਸਤ ਭਾਰਤ @2047** ਵੱਲ ਵੱਧ ਰਿਹਾ ਹੈ, ਮਜ਼ਬੂਤ ਭਾਈਚਾਰਕ ਸੰਸਥਾਵਾਂ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ। ਸਰਗਰਮ ਅਤੇ ਸ਼ਕਤੀਸ਼ਾਲੀ ਐਸ.ਐਮ.ਸੀ. ਦੁਆਰਾ ਸਮਰਥਿਤ ਗੁਣਵੱਤਾਪੂਰਨ ਸਕੂਲੀ ਸਿੱਖਿਆ, ਸੂਚਿਤ, ਕੁਸ਼ਲ ਅਤੇ ਜ਼ਿੰਮੇਵਾਰ ਨਾਗਰਿਕਾਂ ਦੇ ਨਿਰਮਾਣ ਵਿੱਚ ਮਹੱਤਵਪੂਰਨ ਯੋਗਦਾਨ ਦੇਵੇਗੀ।

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਦਿਸ਼ਾ-ਨਿਰਦੇਸ਼ ਰਾਜਾਂ ਅਤੇ ਸਕੂਲਾਂ ਨੂੰ ਪ੍ਰਭਾਵਸ਼ਾਲੀ ਅਤੇ ਭਾਗੀਦਾਰੀ ਵਾਲੀ ਐਸ.ਐਮ.ਸੀ. ਦੇ ਨਿਰਮਾਣ ਵਿੱਚ ਮਾਰਗਦਰਸ਼ਨ ਪ੍ਰਦਾਨ ਕਰਨਗੇ ਅਤੇ ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜਿਆਂ, ਭਲਾਈ ਅਤੇ ਵਿਕਸਤ ਭਾਰਤ ਦੇ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਵਿੱਚ ਸਾਰਥਕ ਯੋਗਦਾਨ ਪਾਉਣਗੇ।

ਸੰਜੇ ਕੁਮਾਰ

ਕਮਰਾ ਨੰਬਰ - 21102, ਪਹਿਲੀ ਮੰਜ਼ਿਲ, ਸਕੱਤਰ DoSEL ਦਾ ਦਫ਼ਤਰ, ਗੇਟ ਨੰਬਰ 04, ਕਰਤਵਯ ਭਵਨ-2, ਨਵੀਂ ਦਿੱਲੀ-110001
ਈਮੇਲ: secy.sel@nic.in

# ਮੁਖਬੰਧ

ਸਕੂਲੀ ਸਿੱਖਿਆ ਇੱਕ ਬਰਾਬਰੀ ਵਾਲੇ, ਸਮਾਵੇਸ਼ੀ ਅਤੇ ਪ੍ਰਗਤੀਸ਼ੀਲ ਸਮਾਜ ਦੀ ਸਿਰਜਣਾ ਦਾ ਨੀਂਹ-ਪੱਥਰ ਹੈ। ਸਕੂਲਾਂ ਦੀ ਗੁਣਵੱਤਾ ਸਿਰਫ਼ ਨੀਤੀਗਤ ਪ੍ਰਬੰਧਾਂ ਅਤੇ ਉਪਲਬਧ ਸਰੋਤਾਂ 'ਤੇ ਹੀ ਨਿਰਭਰ ਨਹੀਂ ਕਰਦੀ, ਸਗੋਂ ਭਾਈਚਾਰੇ ਦੀ ਸਰਗਰਮ, ਨਿਰੰਤਰ ਅਤੇ ਸਾਰਥਕ ਭਾਗੀਦਾਰੀ ਨਾਲ ਵੀ ਡੂੰਘਾਈ ਨਾਲ ਜੁੜੀ ਹੁੰਦੀ ਹੈ। ਇਸੇ ਸੰਦਰਭ ਵਿੱਚ, ਵਿੱਦਿਅਕ ਸੁਧਾਰਾਂ ਵਿੱਚ ਵਿਕੇਂਦਰੀਕ੍ਰਿਤ ਸ਼ਾਸਨ ਪ੍ਰਣਾਲੀ, ਭਾਈਚਾਰਕ ਭਾਗੀਦਾਰੀ ਅਤੇ ਬੱਚਿਆਂ ਦੇ ਸਿੱਖਣ ਅਤੇ ਸਮੁੱਚੀ ਭਲਾਈ ਲਈ ਸਾਂਝੀ ਜ਼ਿੰਮੇਵਾਰੀ ਨੂੰ ਲਗਾਤਾਰ ਤਰਜੀਹ ਦਿੱਤੀ ਗਈ ਹੈ। ਇਸ ਦ੍ਰਿਸ਼ਟੀਕੋਣ ਨੂੰ ਜ਼ਮੀਨੀ ਪੱਧਰ 'ਤੇ ਸਾਕਾਰ ਕਰਨ ਵਿੱਚ ਸਕੂਲ ਪ੍ਰਬੰਧਕ ਕਮੇਟੀਆਂ (ਐਸ.ਐਮ.ਸੀ.) ਇੱਕ ਪ੍ਰਮੁੱਖ ਅਤੇ ਮਜ਼ਬੂਤ ਸੰਸਥਾਗਤ ਪ੍ਰਣਾਲੀ ਵਜੋਂ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

**ਰਾਸ਼ਟਰੀ ਸਿੱਖਿਆ ਨੀਤੀ (ਐਨ.ਈ.ਪੀ) 2020** ਸਕੂਲੀ ਸਿੱਖਿਆ ਵਿੱਚ ਵਿਕੇਂਦਰੀਕ੍ਰਿਤ ਸ਼ਾਸਨ ਅਤੇ ਮਾਪਿਆਂ, ਸਥਾਨਕ ਭਾਈਚਾਰਿਆਂ, ਸਾਬਕਾ ਵਿਦਿਆਰਥੀਆਂ ਅਤੇ ਹੋਰ ਹਿੱਸੇਦਾਰਾਂ ਦੀ ਸਰਗਰਮ ਭਾਗੀਦਾਰੀ 'ਤੇ ਵਿਸ਼ੇਸ਼ ਜ਼ੋਰ ਦਿੰਦੀ ਹੈ। ਇਹ ਨੀਤੀ ਸਕੂਲਾਂ ਨੂੰ ਸਿੱਖਣ ਦੇ ਜੀਵੰਤ ਕੇਂਦਰਾਂ ਵਜੋਂ ਮਾਨਤਾ ਦਿੰਦੀ ਹੈ, ਜੋ ਆਪਣੇ ਭਾਈਚਾਰਿਆਂ ਨਾਲ ਨੇੜਿਓਂ ਜੁੜੇ ਹੁੰਦੇ ਹਨ। ਐਨ.ਈ.ਪੀ 2020 ਸਿੱਖਣ ਦੇ ਨਤੀਜਿਆਂ ਵਿੱਚ ਸੁਧਾਰ, ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਸਕੂਲਾਂ ਦੇ ਸਮੁੱਚੇ ਸੰਚਾਲਨ ਨੂੰ ਮਜ਼ਬੂਤ ਕਰਨ ਲਈ ਸਾਂਝੀ ਜ਼ਿੰਮੇਵਾਰੀ, ਭਾਈਚਾਰਕ ਮਾਲਕੀ ਅਤੇ ਸਹਿਭਾਗੀ ਫੈਸਲੇ-ਨਿਰਮਾਣ ਦੀ ਮਹੱਤਤਾ ਨੂੰ ਰੇਖਾਂਕਿਤ ਕਰਦੀ ਹੈ। ਭਾਵੇਂ ਸਮਗਰ ਸਿੱਖਿਆ (ਸਮਗਰ ਸਿੱਖਿਆ ਅਭਿਆਨ) ਦੇ ਅਧੀਨ ਅਤੇ ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ (ਆਰ.ਟੀ.ਈ.) ਅਧਿਨਿਯਮ, 2009 ਵਿੱਚ ਸਕੂਲ ਪ੍ਰਬੰਧਕ ਕਮੇਟੀਆਂ (ਐਸ.ਐਮ.ਸੀ.) ਨਾਲ ਸਬੰਧਤ ਪ੍ਰਬੰਧ ਮੌਜੂਦ ਹਨ, ਫਿਰ ਵੀ ਮੌਜੂਦਾ ਵਿੱਦਿਅਕ ਸੰਦਰਭ ਵਿੱਚ ਐਸ.ਐਮ.ਸੀ. ਦੀ ਬਣਤਰ, ਕਾਰਜਪ੍ਰਣਾਲੀ ਅਤੇ ਉਨ੍ਹਾਂ ਦੀਆਂ ਪੂਰੀਆਂ ਸੰਭਾਵਨਾਵਾਂ ਨੂੰ ਸਪੱਸ਼ਟ ਰੂਪ ਵਿੱਚ ਪਰਿਭਾਸ਼ਿਤ ਕਰਨ ਲਈ ਇੱਕ ਵਿਆਪਕ, ਏਕੀਕ੍ਰਿਤ ਅਤੇ ਅੱਪਡੇਟ ਕੀਤੇ ਰਾਸ਼ਟਰੀ ਢਾਂਚੇ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ। ਇਸੇ ਸੰਦਰਭ ਵਿੱਚ, ਇਹ **ਸਕੂਲ ਪ੍ਰਬੰਧਕ ਕਮੇਟੀਆਂ ਲਈ ਰਾਸ਼ਟਰੀ ਦਿਸ਼ਾ-ਨਿਰਦੇਸ਼** ਵਿਕਸਿਤ ਕੀਤੇ ਗਏ ਹਨ, ਜੋ ਸਕੂਲੀ ਸਿੱਖਿਆ ਦੇ ਸਾਰੇ ਪੱਧਰਾਂ 'ਤੇ ਲਾਗੂ ਹੋਣ ਵਾਲੇ ਇੱਕ ਏਕੀਕ੍ਰਿਤ ਰਾਸ਼ਟਰੀ ਮਾਰਗਦਰਸ਼ਨ ਵਜੋਂ ਐਸ.ਐਮ.ਸੀ. 'ਤੇ ਕੇਂਦਰਿਤ ਹਨ।

ਇਹ ਦਿਸ਼ਾ-ਨਿਰਦੇਸ਼ ਇਸ ਵਿਸ਼ੇ 'ਤੇ ਪਹਿਲਾਂ ਜਾਰੀ ਕੀਤੇ ਗਏ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਥਾਂ ਲੈਂਦੇ ਹੋਏ ਸਕੂਲ ਪ੍ਰਬੰਧਕ ਕਮੇਟੀਆਂ (ਐਸ.ਐਮ.ਸੀ.) ਨੂੰ ਸਹਿਭਾਗੀ ਸ਼ਾਸਨ ਦੇ ਮਜ਼ਬੂਤ ਅਤੇ ਸਰਗਰਮ ਮੰਚ ਵਜੋਂ ਮਜ਼ਬੂਤ ਕਰਨ ਦਾ ਉਦੇਸ਼ ਰੱਖਦੇ ਹਨ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਵਿੱਚ ਐਸ.ਐਮ.ਸੀ. ਦੀ ਬਣਤਰ, ਗਠਨ, ਕਾਰਜਕਾਲ, ਚੋਣ ਪ੍ਰਕਿਰਿਆ, ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ, ਐਸ.ਐਮ.ਸੀ. ਮੈਂਬਰਾਂ ਦੀ ਸਮਰੱਥਾ ਨਿਰਮਾਣ ਅਤੇ ਕਾਰਪੋਰੇਟ ਸਮਾਜਿਕ ਉੱਤਰਦਾਇਿਤਵ (ਸੀ.ਐਸ.ਆਰ.) ਸਹਿਯੋਗ ਪ੍ਰਾਪਤ ਕਰਨ ਨਾਲ ਸਬੰਧਤ ਪ੍ਰਬੰਧਾਂ ਨੂੰ ਸਪੱਸ਼ਟ ਰੂਪ ਵਿੱਚ ਰੇਖਾਂਕਿਤ ਕੀਤਾ ਗਿਆ ਹੈ। ਦਿਸ਼ਾ-ਨਿਰਦੇਸ਼ਾਂ ਵਿੱਚ ਅਕਾਦਮਿਕ ਨਿਗਰਾਨੀ, ਸਕੂਲ ਵਿਕਾਸ ਯੋਜਨਾ (ਸਕੂਲ ਡਿਵੈਲਪਮੈਂਟ ਪਲਾਨ-ਐਸ.ਡੀ.ਪੀ.) ਰਾਹੀਂ ਸਕੂਲ ਯੋਜਨਾਬੰਦੀ, ਵਿੱਤੀ ਪ੍ਰਬੰਧਨ, ਸਮਾਜਿਕ ਲੇਖਾ-ਪੜਤਾਲ, ਬੱਚਿਆਂ ਦੀ ਸੁਰੱਖਿਆ ਅਤੇ ਭਲਾਈ, ਸਮਾਵੇਸ਼ੀ ਅਤੇ ਬਰਾਬਰੀ ਵਾਲੀ ਸਿੱਖਿਆ ਨੂੰ ਉਤਸ਼ਾਹਿਤ ਕਰਨ, ਅਤੇ 'ਸਮੁੱਚੀ-ਸਰਕਾਰ' (Whole-of-Government) ਪਹੁੰਚ ਦੇ ਅਧੀਨ ਵੱਖ-ਵੱਖ ਲਾਈਨ ਵਿਭਾਗਾਂ ਨਾਲ ਤਾਲਮੇਲ ਅਤੇ ਤਾਲਮੇਲ ਸਬੰਧੀ ਵਿਸਤ੍ਰਿਤ ਮਾਰਗਦਰਸ਼ਨ ਪ੍ਰਦਾਨ ਕੀਤਾ ਗਿਆ ਹੈ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਵਿੱਚ ਵਿਸ਼ੇਸ਼ ਤੌਰ 'ਤੇ ਸਕੂਲੋਂ ਬਾਹਰ ਰਹਿ ਗਏ ਬੱਚਿਆਂ (ਆਊਟ-ਆਫ਼-ਸਕੂਲ ਚਿਲਡਰਨ), ਪੜ੍ਹਾਈ ਛੱਡ ਚੁੱਕੇ ਬੱਚਿਆਂ ਦੇ ਦਾਖਲੇ, ਠਹਿਰਾਓ ਅਤੇ ਮੁੱਖ ਧਾਰਾ ਵਿੱਚ ਮੁੜ ਸ਼ਾਮਲ ਕਰਨਾ ਯਕੀਨੀ ਬਣਾਉਣ, ਸਮਾਜਿਕ-ਆਰਥਿਕ ਤੌਰ 'ਤੇ ਵਾਂਝੇ ਵਰਗਾਂ ਦੇ ਬੱਚਿਆਂ ਨੂੰ ਸਹਾਇਤਾ ਪ੍ਰਦਾਨ ਕਰਨ, ਅਤੇ ਬੁਨਿਆਦੀ ਸਾਖਰਤਾ ਅਤੇ ਸੰਖਿਆ ਗਿਆਨ (ਫਾਊਂਡੇਸ਼ਨਲ ਲਿਟਰੇਸੀ ਐਂਡ ਨਿਊਮਰੇਸੀ) ਨੂੰ ਮਜ਼ਬੂਤ ਕਰਨ ਵਿੱਚ ਐਸ.ਐਮ.ਸੀ. ਦੀ ਭੂਮਿਕਾ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਉਪਰੋਕਤ ਸਾਰੇ ਯਤਨ ਸਮੂਹਿਕ ਤੌਰ 'ਤੇ ਵਿਦਿਆਰਥੀਆਂ ਵਿੱਚ ਲੋੜੀਂਦੇ ਸਿੱਖਣ ਦੇ ਨਤੀਜਿਆਂ ਦੀ ਪ੍ਰਾਪਤੀ ਵਿੱਚ ਸਹਾਇਕ ਹੋਣਗੇ, ਜੋ **ਵਿਕਸਿਤ ਭਾਰਤ @2047** ਦੇ ਵਿਜ਼ਨ ਨੂੰ ਸਾਕਾਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

ਇਹ ਦਿਸ਼ਾ-ਨਿਰਦੇਸ਼ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਲਈ ਇੱਕ ਮਾਰਗਦਰਸ਼ਕ ਸੰਦਰਭ ਢਾਂਚੇ ਵਜੋਂ ਹਨ, ਤਾਂ ਜੋ ਉਹ ਸਥਾਨਕ ਸਥਿਤੀਆਂ, ਲੋੜਾਂ ਅਤੇ ਤਰਜੀਹਾਂ ਦੇ ਅਨੁਸਾਰ ਆਪਣੇ ਨਿਯਮਾਂ, ਪ੍ਰਕਿਰਿਆਵਾਂ ਅਤੇ ਪ੍ਰਣਾਲੀਆਂ ਵਿੱਚ ਤਾਲਮੇਲ ਅਤੇ ਇਕਸਾਰਤਾ ਸਥਾਪਤ ਕਰ ਸਕਣ। ਅੰਤ ਵਿੱਚ, ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦਾ ਉਦੇਸ਼ ਭਾਈਚਾਰਿਆਂ ਨੂੰ ਸਕੂਲਾਂ ਪ੍ਰਤੀ ਸਮੂਹਿਕ ਜ਼ਿੰਮੇਵਾਰੀ ਲੈਣ ਲਈ ਸ਼ਕਤੀਸ਼ਾਲੀ ਬਣਾਉਣਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰ ਬੱਚਾ ਇੱਕ ਸੁਰੱਖਿਅਤ, ਸਮਾਵੇਸ਼ੀ ਅਤੇ ਪਾਲਣ-ਪੋਸ਼ਣ ਵਾਲੇ ਵਾਤਾਵਰਨ ਵਿੱਚ ਗੁਣਵੱਤਾਪੂਰਨ ਸਿੱਖਿਆ ਪ੍ਰਾਪਤ ਕਰੇ, ਲਗਾਤਾਰ ਤਰੱਕੀ ਕਰੇ ਅਤੇ ਆਪਣੀ ਸਕੂਲੀ ਸਿੱਖਿਆ ਸਫਲਤਾਪੂਰਵਕ ਪੂਰੀ ਕਰੇ।

(ਅਰਚਨਾ ਸ਼ਰਮਾ ਅਵਸਥੀ)
ਵਾਧੂ ਸਕੱਤਰ, ਡੋਸੇਲ
ਸਿੱਖਿਆ ਮੰਤਰਾਲਾ

# ਵਿਸ਼ਾ-ਸੂਚੀ


| | |
|---|---|
| 1. ਜਾਣ-ਪਛਾਣ | 1 |
| 2. ਸਕੂਲ ਪ੍ਰਬੰਧਕ ਕਮੇਟੀ (School Management Committee–ਐਸ.ਐਮ.ਸੀ.) | 1 |
| 2.1 ਐਸ.ਐਮ.ਸੀ. ਮੈਂਬਰਾਂ ਦੀ ਚੋਣ ਲਈ ਮਾਪਦੰਡ | 2 |
| 2.2 ਐਸ.ਐਮ.ਸੀ. ਦੀ ਬਣਤਰ | 3 |
| 2.3 ਮੈਂਬਰ-ਸਕੱਤਰ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ | 3 |
| 2.4 ਕਾਰਜਕਾਲ | 4 |
| 2.5 ਐਸ.ਐਮ.ਸੀ. ਦੇ ਮਾਪੇ/ਸਰਪ੍ਰਸਤ ਮੈਂਬਰਾਂ ਦੀ ਚੋਣ ਪ੍ਰਕਿਰਿਆ | 4 |
| 2.6 ਐਸ.ਐਮ.ਸੀ. ਦੀਆਂ ਉਪ-ਕਮੇਟੀਆਂ | 5 |
| 3. ਐਸ.ਐਮ.ਸੀ. ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਜਾਂ ਕਾਰਜ | 6 |
| 4. ਸਕੂਲ ਵਿਕਾਸ ਯੋਜਨਾ (School Development Plan – ਐਸ.ਡੀ.ਪੀ.) | 12 |
| 5. ਮੀਟਿੰਗਾਂ ਅਤੇ ਪ੍ਰਕਿਰਿਆਵਾਂ | 14 |
| 6. ਸਮਰੱਥਾ ਨਿਰਮਾਣ ਅਤੇ ਸਿਖਲਾਈ | 14 |
| 7. ਵਿੱਤੀ ਪ੍ਰਬੰਧਨ ਅਤੇ ਸਮਾਜਿਕ ਲੇਖਾ-ਪੜਤਾਲ | 15 |
| 8. ਮੰਤਰਾਲਿਆਂ/ਵਿਭਾਗਾਂ ਨਾਲ ਅਭਿਸਰਨ ਰਾਹੀਂ ਸਰੋਤਾਂ ਦੀ ਉਚਿਤ ਵਰਤੋਂ | 16 |
| 9. ਐਸ.ਐਮ.ਸੀਜ਼. ਦੀ ਨਿਗਰਾਨੀ ਅਤੇ ਸਮਰਥਨ | 19 |
| 10. ਸਿੱਟਾ | 19 |
| ਅਨੁਲੱਗ | 21 |

## 1. ਜਾਣ-ਪਛਾਣ

1.1 ਭਾਈਚਾਰਕ ਲਾਮਬੰਦੀ ਅਤੇ ਭਾਗੀਦਾਰੀ ਭਾਈਚਾਰਿਆਂ ਨੂੰ ਉਹਨਾਂ ਦੀਆਂ ਤਰਜੀਹਾਂ, ਸਰੋਤਾਂ, ਲੋੜਾਂ ਅਤੇ ਹੱਲਾਂ ਦੀ ਪਛਾਣ ਕਰਨ ਲਈ ਇਸ ਤਰੀਕੇ ਨਾਲ ਜੋੜਨ ਦੀ ਪ੍ਰਕਿਰਿਆ ਹੈ ਜੋ ਪ੍ਰਤੀਨਿਧ ਭਾਗੀਦਾਰੀ, ਸੁਸ਼ਾਸਨ, ਜਵਾਬਦੇਹੀ ਅਤੇ ਸ਼ਾਂਤੀਪੂਰਨ ਤਬਦੀਲੀ ਨੂੰ ਉਤਸ਼ਾਹਿਤ ਕਰਦੀ ਹੈ। ਸਿੱਖਿਆ ਦੇ ਸੰਦਰਭ ਵਿੱਚ, ਭਾਈਚਾਰਕ ਲਾਮਬੰਦੀ ਅਤੇ ਭਾਈਚਾਰੇ ਦੇ ਮੈਂਬਰਾਂ ਦੀ ਨਜ਼ਦੀਕੀ ਸ਼ਮੂਲੀਅਤ ਬਹੁਤ ਮਹੱਤਵਪੂਰਨ ਹੈ। ਇਹ ਪਹੁੰਚ ਹੇਠਲੇ ਪੱਧਰ ਤੋਂ ਸ਼ੁਰੂ ਹੋ ਕੇ ਉੱਪਰ ਵੱਲ ਜਾਣ ਵਾਲੀ ਪ੍ਰਕਿਰਿਆ ਨੂੰ ਉਤਸ਼ਾਹਿਤ ਕਰਦੀ ਹੈ, ਜਿਸ ਨਾਲ ਭਾਈਚਾਰੇ ਦੁਆਰਾ ਸਰਕਾਰੀ ਪ੍ਰੋਗਰਾਮਾਂ ਦੀ ਪ੍ਰਭਾਵਸ਼ਾਲੀ ਯੋਜਨਾਬੰਦੀ, ਲਾਗੂਕਰਨ, ਨਿਗਰਾਨੀ, ਮੁਲਾਂਕਣ ਅਤੇ ਮਲਕੀਅਤ ਨੂੰ ਸਮਰੱਥ ਬਣਾਇਆ ਜਾ ਸਕਦਾ ਹੈ। ਸਰਗਰਮ ਭਾਈਚਾਰਕ ਭਾਗੀਦਾਰੀ ਸਕੂਲਾਂ ਦੇ ਬਿਹਤਰ ਕੰਮਕਾਜ ਲਈ ਪਾਰਦਰਸ਼ਤਾ, ਜਵਾਬਦੇਹੀ ਅਤੇ ਭਾਈਚਾਰੇ ਦੇ ਸਮੂਹਿਕ ਗਿਆਨ ਦੀ ਵਰਤੋਂ ਨੂੰ ਯਕੀਨੀ ਬਣਾਉਂਦੀ ਹੈ। ਪ੍ਰਭਾਵਸ਼ਾਲੀ ਵਿਕੇਂਦਰੀਕਰਨ ਰਾਹੀਂ, ਇਹ ਸਕੂਲ-ਅਧਾਰਤ ਪਹਿਲਕਦਮੀਆਂ ਦੀ ਭਾਈਚਾਰਕ ਮਲਕੀਅਤ ਨੂੰ ਯਕੀਨੀ ਬਣਾਉਂਦਾ ਹੈ, ਸ਼ਾਸਨ ਦੇ ਢਾਂਚੇ ਨੂੰ ਮਜ਼ਬੂਤ ਕਰਦਾ ਹੈ ਅਤੇ ਟਿਕਾਊ ਵਿਦਿਅਕ ਵਿਕਾਸ ਵਿੱਚ ਸਹਾਇਤਾ ਕਰਦਾ ਹੈ।

1.2 **ਰਾਸ਼ਟਰੀ ਸਿੱਖਿਆ ਨੀਤੀ (ਐਨ.ਈ.ਪੀ.), 2020** ਸਕੂਲਾਂ ਵਿੱਚ ਸਿਖਲਾਈ ਨੂੰ ਵਧਾਉਣ ਲਈ ਸਥਾਨਕ ਭਾਈਚਾਰਿਆਂ, ਸਾਬਕਾ ਵਿਦਿਆਰਥੀਆਂ ਅਤੇ ਬਜ਼ੁਰਗ ਨਾਗਰਿਕਾਂ ਦੀ ਸਰਗਰਮ ਸ਼ਮੂਲੀਅਤ 'ਤੇ ਜ਼ੋਰ ਦਿੰਦੀ ਹੈ। ਇਹ ਉਹਨਾਂ ਨੂੰ ਟਿਊਸ਼ਨ, ਸਾਖਰਤਾ ਮੁਹਿੰਮਾਂ, ਮਾਰਗਦਰਸ਼ਨ, ਅਧਿਆਪਨ ਸਹਾਇਤਾ ਅਤੇ ਨਿਰਦੇਸ਼ਨ ਆਦਿ ਵਰਗੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਸਵੈ-ਸੇਵਾ ਕਰਨ ਲਈ ਉਤਸ਼ਾਹਿਤ ਕਰਦੀ ਹੈ (ਪੈਰਾ 3.7)। ਐਨ.ਈ.ਪੀ. 2020 ਦੇ ਨਿਰਦੇਸ਼ਾਂ ਅਨੁਸਾਰ, ਸਕੂਲਾਂ ਨੂੰ ਅਜਿਹੇ ਜੀਵੰਤ ਕੇਂਦਰਾਂ ਵਜੋਂ ਵਿਕਸਤ ਹੋਣਾ ਚਾਹੀਦਾ ਹੈ ਜਿੱਥੇ ਸਿਖਲਾਈ ਅਤੇ ਭਾਈਚਾਰਾ ਇਕੱਠੇ ਮਿਲਦੇ ਹਨ। ਜਦੋਂ ਮਾਪੇ, ਅਧਿਆਪਕ ਅਤੇ ਸਥਾਨਕ ਲੋਕ ਸਕੂਲੀ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਹਨ, ਤਾਂ ਉਹ ਦੇਖਭਾਲ, ਸਮਾਵੇਸ਼ੀ, ਸਹਿਯੋਗੀ ਅਤੇ ਮਾਣ ਦਾ ਮਾਹੌਲ ਬਣਾਉਣ ਵਿੱਚ ਮਦਦ ਕਰਦੇ ਹਨ। ਹਰ ਸਕੂਲ ਇੱਕ ਅਜਿਹਾ ਸਥਾਨ ਬਣ ਸਕਦਾ ਹੈ ਜੋ ਨਾ ਸਿਰਫ਼ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਦਾ ਹੈ ਬਲਕਿ ਸਮੁੱਚੇ ਭਾਈਚਾਰੇ ਨੂੰ ਵੀ ਇਕੱਠਾ ਕਰਦਾ ਹੈ।

1.3 **ਸਮਗਰ ਸਿੱਖਿਆ 2.0** ਫਰੇਮਵਰਕ (12 ਅਕਤੂਬਰ, 2022 ਨੂੰ ਜਾਰੀ ਕੀਤਾ ਗਿਆ) ਦੇ 'ਅਧਿਆਇ 13: ਭਾਈਚਾਰਕ ਲਾਮਬੰਦੀ' ਵਿੱਚ ਸਕੂਲ ਪ੍ਰਬੰਧਕ ਕਮੇਟੀ (School Management Committee – ਐਸ.ਐਮ.ਸੀ.) ਦੀ ਬਣਤਰ, ਕਾਰਜ ਪ੍ਰਣਾਲੀ ਆਦਿ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ। ਇਹ ਕਮੇਟੀ ਜ਼ਮੀਨੀ ਪੱਧਰ 'ਤੇ ਕੰਮ ਕਰਦੀ ਹੈ ਅਤੇ ਸਮਗਰ ਸਿੱਖਿਆ ਅਭਿਆਨ ਅਤੇ ਸਕੂਲ ਸਿੱਖਿਆ ਵਿਭਾਗ ਦੀਆਂ ਹੋਰ ਪਹਿਲਕਦਮੀਆਂ ਨੂੰ ਲਾਗੂ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਉਂਦੀ ਹੈ।

1.4 **ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ (ਆਰ.ਟੀ.ਈ.) ਅਧਿਨਿਯਮ, 2009** ਦੇ ਅਧਿਆਇ IV: ਸਕੂਲਾਂ ਅਤੇ ਅਧਿਆਪਕਾਂ ਦੀਆਂ ਜ਼ਿੰਮੇਵਾਰੀਆਂ, **ਧਾਰਾ (21)** ਵਿੱਚ ਸਕੂਲਾਂ ਵਿੱਚ ਐਸ.ਐਮ.ਸੀ. ਦੀ ਬਣਤਰ ਅਤੇ ਕਾਰਜਾਂ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ ਹੈ।

## 2. ਸਕੂਲ ਪ੍ਰਬੰਧਕ ਕਮੇਟੀ (SMC)

ਸਕੂਲੀ ਸਿੱਖਿਆ ਵਿੱਚ ਭਾਈਚਾਰਕ ਭਾਗੀਦਾਰੀ ਨੂੰ ਮਜ਼ਬੂਤ ਕਰਨ ਲਈ, ਐਨ.ਈ.ਪੀ. 2020, ਸਮਗਰ ਸਿੱਖਿਆ ਅਭਿਆਨ ਅਤੇ ਆਰ.ਟੀ.ਈ. ਅਧਿਨਿਯਮ, 2009 ਵਿਕੇਂਦਰੀਕ੍ਰਿਤ ਸੁਸ਼ਾਸਨ ਦੇ ਇੱਕ ਮਹੱਤਵਪੂਰਨ ਤੱਤ ਵਜੋਂ ਐਸ.ਐਮ.ਸੀਜ਼. ਦੇ ਗਠਨ 'ਤੇ ਵਿਸ਼ੇਸ਼ ਜ਼ੋਰ ਦਿੰਦੇ ਹਨ। ਭਾਈਚਾਰਕ ਲਾਮਬੰਦੀ ਦੇ ਆਧਾਰ ਵਜੋਂ, ਐਸ.ਐਮ.ਸੀ. ਵਿਕੇਂਦਰੀਕ੍ਰਿਤ ਸਕੂਲ ਪ੍ਰਬੰਧਨ ਨੂੰ ਮਜ਼ਬੂਤ ਕਰਦੀ ਹੈ ਅਤੇ ਭਾਈਚਾਰਿਆਂ ਨੂੰ ਸਕੂਲੀ ਸਿੱਖਿਆ ਨੂੰ ਬਿਹਤਰ ਬਣਾਉਣ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਸਮਰੱਥ ਬਣਾਉਂਦੀ ਹੈ। **ਐਨ.ਈ.ਪੀ. 2020, ਸਮਗਰ ਸਿੱਖਿਆ ਅਭਿਆਨ, ਆਰ.ਟੀ.ਈ. ਅਧਿਨਿਯਮ, 2009 ਦੀਆਂ ਵਿਵਸਥਾਵਾਂ ਅਤੇ ਸਰਵ ਸਿੱਖਿਆ ਅਭਿਆਨ (ਐਸ.ਐਸ.ਏ.) ਅਤੇ ਰਾਸ਼ਟਰੀ ਮਾਧਿਅਮਿਕ ਸਿੱਖਿਆ ਅਭਿਆਨ (ਆਰ.ਐਮ.ਐਸ.ਏ.) ਆਦਿ ਵਿੱਚ ਐਮ.ਓ.ਈ.**

**(ਪੂਰਵ ਮਨੁੱਖੀ ਸਰੋਤ ਵਿਕਾਸ ਮੰਤਰਾਲਾ (ਐਮ.ਐਚ.ਆਰ.ਡੀ.)) ਦੇ ਪੁਰਾਣੇ ਦਿਸ਼ਾ-ਨਿਰਦੇਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਐਸ.ਐਮ.ਸੀਜ਼. ਬਾਰੇ ਹੇਠ ਲਿਖੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ। ਇਹ ਦਿਸ਼ਾ-ਨਿਰਦੇਸ਼ ਪੁਰਾਣੇ ਦਿਸ਼ਾ-ਨਿਰਦੇਸ਼ਾਂ ਅਤੇ ਹਦਾਇਤਾਂ ਦੀ ਥਾਂ 'ਤੇ ਜਾਰੀ ਕੀਤੇ ਜਾਣਗੇ।**

ਇਹ ਦਿਸ਼ਾ-ਨਿਰਦੇਸ਼ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਲਈ ਸਕੂਲ-ਪੱਧਰੀ ਸ਼ਾਸਨ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਅਤੇ ਸਥਾਨਕ ਨਿਯਮਾਂ ਅਤੇ ਪ੍ਰਕਿਰਿਆਵਾਂ ਨੂੰ ਸਮਾਵੇਸ਼ੀ, ਭਾਗੀਦਾਰੀ ਅਤੇ ਜਵਾਬਦੇਹ ਸਿੱਖਿਆ ਦੇ ਰਾਸ਼ਟਰੀ ਦ੍ਰਿਸ਼ਟੀਕੋਣ ਨਾਲ ਤਾਲਮੇਲ ਬਿਠਾਉਣ ਲਈ ਇੱਕ ਸੰਦਰਭ ਢਾਂਚੇ ਵਜੋਂ ਕੰਮ ਕਰਨਗੇ।

- ਹਰੇਕ ਸਕੂਲ ਨੂੰ ਇੱਕ ਐਸ.ਐਮ.ਸੀ. ਦਾ ਗਠਨ ਕਰਨਾ ਚਾਹੀਦਾ ਹੈ, **ਜੋ ਵਿਦਿਅਕ ਸਾਲ ਸ਼ੁਰੂ ਹੋਣ ਦੇ** ਇੱਕ ਮਹੀਨੇ ਦੇ ਅੰਦਰ ਹੋਣਾ ਚਾਹੀਦਾ ਹੈ।
- **ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਕੂਲ ਪ੍ਰਬੰਧਕ ਵਿਕਾਸ ਕਮੇਟੀ (ਐਸ.ਐਮ.ਡੀ.ਸੀ.) ਦੀ ਥਾਂ ਸੈਕੰਡਰੀ ਸਕੂਲਾਂ (12ਵੀਂ ਜਮਾਤ ਤੱਕ) ਸਮੇਤ ਹਰੇਕ ਸਕੂਲ ਵਿੱਚ ਐਸ.ਐਮ.ਸੀ. ਬਣਾਉਣ।**
- ਇਸ ਵਿੱਚ ਅਧਿਕਾਰੀ, ਵਿਦਿਆਰਥੀਆਂ ਦੇ ਮਾਪੇ/ਸਰਪ੍ਰਸਤ, ਸਥਾਨਕ ਅਥਾਰਟੀਆਂ ਦੇ ਪ੍ਰਤੀਨਿਧ, ਵਿਦਵਾਨ, ਵਿਸ਼ਾ ਮਾਹਿਰ, ਸਕੂਲ ਦੇ ਸਾਬਕਾ ਵਿਦਿਆਰਥੀ ਅਤੇ ਪਛੜੇ ਵਰਗਾਂ ਦੇ ਪ੍ਰਤੀਨਿਧ ਸ਼ਾਮਲ ਹੋਣਗੇ[1]।
- ਕਮੇਟੀ ਦੇ ਮੈਂਬਰਾਂ ਦੀ ਗਿਣਤੀ ਬੱਚਿਆਂ ਦੇ ਦਾਖਲੇ ਦੇ ਆਧਾਰ 'ਤੇ ਤੈਅ ਕੀਤੀ ਜਾ ਸਕਦੀ ਹੈ:

| ਦਾਖਲਾ ਸੀਮਾ | ਮੈਂਬਰਾਂ ਦੀ ਅੰਦਾਜ਼ਨ ਗਿਣਤੀ |
|---|---|
| 100 ਵਿਦਿਆਰਥੀਆਂ ਤੱਕ | 12 –15 ਮੈਂਬਰ |
| 100 – 500 ਵਿਦਿਆਰਥੀ | 15 –20 ਮੈਂਬਰ |
| 500 ਵਿਦਿਆਰਥੀਆਂ ਤੋਂ ਉੱਪਰ | 20 – 25 ਮੈਂਬਰ |

## 2.1 ਐਸ.ਐਮ.ਸੀ. ਮੈਂਬਰਾਂ ਦੀ ਚੋਣ ਦੇ ਨਿਯਮ

i. **ਸਕੂਲ ਪ੍ਰਬੰਧਕ ਕਮੇਟੀ (ਐਸ.ਐਮ.ਸੀ.) ਦੀ ਕੁੱਲ ਗਿਣਤੀ ਦਾ 75 ਪ੍ਰਤੀਸ਼ਤ** (75%) ਹਿੱਸਾ ਬੱਚਿਆਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਵਿੱਚੋਂ ਹੋਵੇਗਾ।

ii. ਬਾਕੀ ਰਹਿੰਦੇ **25 ਪ੍ਰਤੀਸ਼ਤ** (25%) ਮੈਂਬਰ ਹੇਠ ਲਿਖੇ ਵਿਅਕਤੀਆਂ ਵਿੱਚੋਂ ਹੋਣਗੇ:

(a) ਸਥਾਨਕ ਅਥਾਰਟੀ ਦੇ ਚੁਣੇ ਹੋਏ ਮੈਂਬਰਾਂ ਵਿੱਚੋਂ ਇੱਕ ਤਿਹਾਈ (1/3) ਮੈਂਬਰ, ਜਿਨ੍ਹਾਂ ਦਾ ਫੈਸਲਾ ਸਥਾਨਕ ਅਥਾਰਟੀ ਵੱਲੋਂ ਕੀਤਾ ਜਾਵੇਗਾ;

(b) ਸਕੂਲ ਦੇ ਅਧਿਆਪਕਾਂ ਵਿੱਚੋਂ ਇੱਕ ਤਿਹਾਈ (1/3) ਮੈਂਬਰ, ਜਿਨ੍ਹਾਂ ਦਾ ਫੈਸਲਾ ਸਕੂਲ ਦੇ ਅਧਿਆਪਕਾਂ ਵੱਲੋਂ ਕੀਤਾ ਜਾਵੇਗਾ;

(c) ਬਾਕੀ ਰਹਿੰਦੇ ਇੱਕ ਤਿਹਾਈ (1/3) ਮੈਂਬਰ ਸਥਾਨਕ ਸਿੱਖਿਆ ਸ਼ਾਸਤਰੀਆਂ, ਵਿਸ਼ਾ ਮਾਹਿਰਾਂ, ਵਿੱਦਿਅਕ ਮਾਹਿਰਾਂ, ਵੱਡੀਆਂ ਜਮਾਤਾਂ ਦੇ ਵਿਦਿਆਰਥੀਆਂ, ਸਕੂਲ ਦੇ ਸਾਬਕਾ ਵਿਦਿਆਰਥੀ (alumni) ਅਤੇ ਸਕੂਲ ਦੇ ਗੁਆਂਢੀ ਖੇਤਰਾਂ ਵਿੱਚ ਸੇਵਾ ਨਿਭਾ ਰਹੇ ਮੋਹਰੀ ਭਾਈਚਾਰਕ ਵਰਕਰਾਂ ਜਿਵੇਂ ਕਿ ਆਂਗਣਵਾੜੀ ਵਰਕਰਾਂ (AWWs), ਮਾਨਤਾ ਪ੍ਰਾਪਤ ਸਮਾਜਿਕ ਸਿਹਤ ਕਾਰਕੁਨਾਂ (ASHA) ਅਤੇ ਸਹਾਇਕ ਨਰਸ ਮਿਡਵਾਈਫ (ANM) ਵਿੱਚੋਂ ਚੁਣੇ ਜਾਣਗੇ। ਇਹ ਮੈਂਬਰ

[1] "ਸਥਾਨਕ ਅਥਾਰਟੀ" ਤੋਂ ਭਾਵ ਹੈ ਕੋਈ ਨਗਰ ਨਿਗਮ ਜਾਂ ਨਗਰ ਕੌਂਸਲ ਜਾਂ ਜ਼ਿਲ੍ਹਾ ਪਰਿਸ਼ਦ ਜਾਂ ਨਗਰ ਪੰਚਾਇਤ ਜਾਂ ਪੰਚਾਇਤ, ਚਾਹੇ ਉਹ ਕਿਸੇ ਵੀ ਨਾਮ ਨਾਲ ਜਾਣੀ ਜਾਂਦੀ ਹੋਵੇ, ਅਤੇ ਇਸ ਵਿੱਚ ਅਜਿਹੀ ਕੋਈ ਹੋਰ ਅਥਾਰਟੀ ਜਾਂ ਸੰਸਥਾ ਵੀ ਸ਼ਾਮਲ ਹੈ ਜਿਸ ਦਾ ਸਕੂਲ ਉੱਤੇ ਪ੍ਰਬੰਧਕੀ ਨਿਯੰਤਰਣ ਹੋਵੇ ਜਾਂ ਜੋ ਕਿਸੇ ਸ਼ਹਿਰ, ਕਸਬੇ ਜਾਂ ਪਿੰਡ ਵਿੱਚ ਸਥਾਨਕ ਅਥਾਰਟੀ ਵਜੋਂ ਕੰਮ ਕਰਨ ਲਈ ਉਸ ਸਮੇਂ ਲਾਗੂ ਕਿਸੇ ਕਾਨੂੰਨ ਦੁਆਰਾ ਜਾਂ ਉਸ ਦੇ ਅਧੀਨ ਅਧਿਕਾਰਤ ਹੋਵੇ;

ਕਮੇਟੀ ਦੇ ਮਾਪਿਆਂ ਦੇ ਨੁਮਾਇੰਦਿਆਂ ਵੱਲੋਂ ਚੁਣੇ ਜਾਣਗੇ।

**ਨੋਟ:**

- **ਐਸ.ਐਮ.ਸੀ. ਦੀ ਕੁੱਲ ਗਿਣਤੀ ਦਾ ਪੰਜਾਹ ਪ੍ਰਤੀਸ਼ਤ** (50%) ਔਰਤਾਂ ਹੋਣਗੀਆਂ।
- ਸਮਾਜਿਕ ਅਤੇ ਆਰਥਿਕ ਤੌਰ 'ਤੇ ਪਛੜੇ ਵਰਗਾਂ (SEDGs) ਜਿਵੇਂ ਕਿ ਐਸ ਸੀ/ਐਸ ਟੀ/ਓ ਬੀ ਸੀ ਆਦਿ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ (CwSN) ਦੇ ਮਾਪਿਆਂ ਜਾਂ ਸਰਪ੍ਰਸਤਾਂ ਨੂੰ **ਉਚਿਤ ਅਨੁਪਾਤ ਵਿੱਚ ਪ੍ਰਤੀਨਿਧਤਾ ਦਿੱਤੀ ਜਾਵੇਗੀ.**

## 2.2 ਐਸ.ਐਮ.ਸੀ. ਦੀ ਬਣਤਰ

ਹਰੇਕ ਐਸ.ਐਮ.ਸੀ. ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੋਣਗੇ:

| | | |
|---|---|---|
| 1. | ਮਾਪਿਆਂ/ਸਰਪ੍ਰਸਤਾਂ ਵਿੱਚੋਂ ਚੁਣਿਆ ਗਿਆ ਮੈਂਬਰ | ਪ੍ਰਧਾਨ |
| 2. | ਮਾਪਿਆਂ/ਸਰਪ੍ਰਸਤਾਂ ਵਿੱਚੋਂ ਚੁਣਿਆ ਗਿਆ ਮੈਂਬਰ | ਉਪ ਪ੍ਰਧਾਨ |
| 3. | ਸਕੂਲ ਵਿੱਚ ਪੜ੍ਹਦੇ ਸਾਰੀਆਂ ਸ਼੍ਰੇਣੀਆਂ ਦੇ ਬੱਚਿਆਂ ਦੇ ਮਾਪੇ/ਸਰਪ੍ਰਸਤ। | ਮੈਂਬਰ |
| 4. | ਸਥਾਨਕ ਅਥਾਰਟੀ ਦੇ ਚੁਣੇ ਹੋਏ ਮੈਂਬਰ | ਮੈਂਬਰ |
| 5. | ਸਕੂਲ ਦੇ ਅਧਿਆਪਕ | ਮੈਂਬਰ |
| 6. | ਸਥਾਨਕ ਸਿੱਖਿਆ ਸ਼ਾਸਤਰੀ/ਵਿਸ਼ਾ ਮਾਹਿਰ/ਵਿਦਵਾਨ/ਵੱਡੀਆਂ ਜਮਾਤਾਂ ਦੇ ਵਿਦਿਆਰਥੀ/ਸਕੂਲ ਦੇ ਸਾਬਕਾ ਵਿਦਿਆਰਥੀ/AWW/ASHA/ANM | ਮੈਂਬਰ |
| 7. | ਪ੍ਰਿੰਸੀਪਲ/ਹੈੱਡ ਮਾਸਟਰ/ਸਕੂਲ ਇੰਚਾਰਜ | ਮੈਂਬਰ-ਸਕੱਤਰ |

## 2.3 ਮੈਂਬਰ-ਸਕੱਤਰ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ

ਮੈਂਬਰ-ਸਕੱਤਰ ਦੇ ਕਰਤੱਵ ਹੇਠ ਲਿਖੇ ਅਨੁਸਾਰ ਹਨ:

i. ਅਕਾਦਮਿਕ ਸਾਲ **ਸ਼ੁਰੂ ਹੋਣ ਦੇ ਇੱਕ ਮਹੀਨੇ ਦੇ ਅੰਦਰ ਐਸ.ਐਮ.ਸੀ.** ਦਾ ਗਠਨ ਯਕੀਨੀ ਬਣਾਉਣਾ।

ii. ਸਕੂਲ ਵਿੱਚ ਪੜ੍ਹਦੇ ਬੱਚਿਆਂ ਦੇ ਮਾਪਿਆਂ/ਸਰਪ੍ਰਸਤਾਂ ਵਿੱਚੋਂ ਚੋਣ ਰਾਹੀਂ ਮੈਂਬਰਾਂ ਦੀ ਚੋਣ ਕਰਨ ਲਈ ਸਮੇਂ ਸਿਰ **ਸਾਲਾਨਾ ਆਮ ਬੈਠਕ** ਦਾ ਆਯੋਜਨ ਕਰਨਾ। (ਇਹ ਯਕੀਨੀ ਬਣਾਇਆ ਜਾਵੇ ਕਿ ਚੋਣ ਦੌਰਾਨ 50% ਮਾਪੇ/ਸਰਪ੍ਰਸਤ ਹਾਜ਼ਰ ਹੋਣ)

iii. ਨਵੀਂ ਬਣੀ ਐਸ.ਐਮ.ਸੀ. ਦੇ ਮੈਂਬਰਾਂ ਦੇ ਮੁਕੰਮਲ ਵੇਰਵੇ ਗਠਨ ਦੇ ਇੱਕ ਹਫ਼ਤੇ ਦੇ ਅੰਦਰ ਸਕੂਲ ਭਵਨ ਦੇ ਪ੍ਰਮੁੱਖ ਸਥਾਨਾਂ 'ਤੇ ਪ੍ਰਦਰਸ਼ਿਤ ਕਰਨਾ। ਮਾਪਿਆਂ/ਮੈਂਬਰਾਂ ਦੇ ਵੇਰਵਿਆਂ ਵਿੱਚ ਨਾਮ, ਅਹੁਦਾ, ਸੰਪਰਕ ਨੰਬਰ, ਈਮੇਲ ਆਈ ਡੀ ਆਦਿ ਸ਼ਾਮਲ ਹੋਣੇ ਚਾਹੀਦੇ ਹਨ। ਮਾਪਿਆਂ/ਸਰਪ੍ਰਸਤਾਂ ਦੇ ਮਾਮਲੇ ਵਿੱਚ, ਬੱਚੇ ਦਾ ਨਾਮ ਅਤੇ ਉਸਦੀ ਜਮਾਤ ਦਾ ਵੇਰਵਾ ਵੀ ਮਾਪਿਆਂ/ਸਰਪ੍ਰਸਤ ਦੇ ਨਾਮ ਨਾਲ ਦਰਜ ਕੀਤਾ ਜਾਣਾ ਚਾਹੀਦਾ ਹੈ।

iv. ਘੱਟੋ-ਘੱਟ **ਮਹੀਨੇ ਵਿੱਚ ਇੱਕ ਵਾਰ**ਐਸ.ਐਮ.ਸੀ. ਮੀਟਿੰਗਾਂ ਦਾ ਆਯੋਜਨ ਕਰਨਾ।

v. ਮੀਟਿੰਗ ਦੌਰਾਨ ਐਸ.ਐਮ.ਸੀ. ਦਾ ਕੋਰਮ (ਘੱਟੋ-ਘੱਟ 50%) ਯਕੀਨੀ ਬਣਾਉਣਾ।

vi. ਐਸ.ਐਮ.ਸੀ. ਮੀਟਿੰਗਾਂ ਵਿੱਚ ਵਿਚਾਰਨ ਲਈ **ਕਾਰਜ ਸੂਚੀ** ਤਿਆਰ ਕਰਨਾ।

vii. ਐਸ.ਐਮ.ਸੀ. ਦੇ ਵੇਰਵਿਆਂ, ਮੀਟਿੰਗ ਦੇ ਨੋਟਿਸਾਂ ਨਾਲ ਸਬੰਧਤ ਜਾਣਕਾਰੀ, ਮੀਟਿੰਗ ਵਿੱਚ ਹਾਜ਼ਰ ਮੈਂਬਰਾਂ, ਏਜੰਡਾ ਅਤੇ ਮੀਟਿੰਗ ਦੀ ਕਾਰਵਾਈ ਆਦਿ ਨੂੰ ਦਰਜ ਕਰਨ ਲਈ ਨਿਯਮਾਂ ਅਨੁਸਾਰ ਰਜਿਸਟਰ ਬਣਾ ਕੇ ਰੱਖਣਾ।

viii. ਮੀਟਿੰਗ ਦੀ ਕਾਰਵਾਈ **ਅਤੇ ਫੈਸਲਿਆਂ** ਨੂੰ ਸਹੀ ਢੰਗ ਨਾਲ ਦਰਜ ਕਰਨਾ ਅਤੇ ਕਮੇਟੀ ਦੇ ਸਾਰੇ ਮੈਂਬਰਾਂ ਅਤੇ ਜਨਤਾ ਲਈ ਉਪਲਬਧ ਕਰਵਾਉਣਾ।

ix. ਐਸ.ਐਮ.ਸੀ. ਦੇ ਗਠਨ ਦੇ ਇੱਕ ਮਹੀਨੇ ਦੇ ਅੰਦਰ-ਅੰਦਰ ਇਸ ਦੇ ਮੈਂਬਰਾਂ ਦੀ **ਨਿਰਮਾਣ ਸਿਖਲਾਈ** ਯਕੀਨੀ ਬਣਾਉਣਾ। ਇਸ ਤੋਂ ਇਲਾਵਾ, ਲੋੜ ਅਨੁਸਾਰ ਐਸ.ਐਮ.ਸੀ. ਮੈਂਬਰਾਂ ਲਈ ਸਮੇਂ-ਸਮੇਂ 'ਤੇ **ਸਿਖਲਾਈ ਜਾਂ ਵਰਕਸ਼ਾਪਾਂ** ਦਾ ਆਯੋਜਨ ਕੀਤਾ ਜਾ ਸਕਦਾ ਹੈ।

x. ਯੂਨੀਫਾਈਡ ਡਿਸਟ੍ਰਿਕਟ ਇਨਫਰਮੇਸ਼ਨ ਸਿਸਟਮ ਫਾਰ ਐਜੂਕੇਸ਼ਨ ਪਲੱਸ (UDISE+) ਪੋਰਟਲ 'ਤੇ ਉਪਲਬਧ **ਸਕੂਲ ਰਿਪੋਰਟ ਕਾਰਡ** ਨੂੰ ਸਕੂਲ ਦੇ ਪ੍ਰਮੁੱਖ ਸਥਾਨਾਂ 'ਤੇ ਪ੍ਰਦਰਸ਼ਿਤ ਕਰਨਾ ਅਤੇ ਐਸ.ਐਮ.ਸੀ. ਦੀ ਪਹਿਲੀ ਮੀਟਿੰਗ ਵਿੱਚ ਮੈਂਬਰਾਂ ਨੂੰ ਉਪਲਬਧ ਕਰਵਾਉਣਾ।

xi. ਐਸ.ਐਮ.ਸੀ. ਮੀਟਿੰਗਾਂ, ਗਠਨ, ਮਾਪਿਆਂ/ਸਰਪ੍ਰਸਤਾਂ ਵਿੱਚੋਂ ਮੈਂਬਰਾਂ ਦੀ ਚੋਣ, ਨਾਮਜ਼ਦ ਮੈਂਬਰਾਂ ਨੂੰ ਸ਼ਾਮਲ ਕਰਨ ਆਦਿ ਬਾਰੇ ਜ਼ਿਲ੍ਹਾ ਜਾਂ ਖੰਡ ਪੱਧਰ ਦੇ ਅਧਿਕਾਰੀਆਂ ਵੱਲੋਂ ਜਾਰੀ ਹੁਕਮਾਂ ਜਾਂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣਾ।

xii. ਸਕੂਲ ਮੁਖੀ ਜਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਜਾਂ ਕਿਸੇ ਉੱਚ ਅਧਿਕਾਰੀ ਵੱਲੋਂ ਸੌਂਪੀ ਗਈ ਕਿਸੇ ਹੋਰ ਜ਼ਿੰਮੇਵਾਰੀ ਨੂੰ ਨਿਭਾਉਣਾ।

## 2.4 ਕਾਰਜਕਾਲ

ਐਸ.ਐਮ.ਸੀ. ਦੇ ਮੈਂਬਰਾਂ ਦਾ ਕਾਰਜਕਾਲ ਦੋ ਸਾਲਾਂ ਦਾ ਹੋਵੇਗਾ। ਨਵੀਂ ਕਮੇਟੀ ਦੇ ਪੁਨਰਗਠਨ ਤੱਕ ਐਸ.ਐਮ.ਸੀ. ਦੋ ਸਾਲਾਂ ਦੀ ਮਿਆਦ ਤੋਂ ਬਾਅਦ ਵੀ ਕੰਮ ਕਰਨਾ ਜਾਰੀ ਰੱਖ ਸਕਦੀ ਹੈ। ਨਵੀਂ ਕਮੇਟੀ ਦੇ ਗਠਨ ਦੀ ਪ੍ਰਕਿਰਿਆ ਤਰਜੀਹੀ ਤੌਰ 'ਤੇ ਐਸ.ਐਮ.ਸੀ. ਦਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਸ਼ੁਰੂ ਕਰ ਦੇਣੀ ਚਾਹੀਦੀ ਹੈ ਤਾਂ ਜੋ ਐਸ.ਐਮ.ਸੀ. ਦੀ ਨਿਰੰਤਰਤਾ ਵਿੱਚ ਕੋਈ ਰੁਕਾਵਟ ਨਾ ਆਵੇ। **ਕਿਸੇ ਮੈਂਬਰ ਨੂੰ ਅਗਲੇ ਕਾਰਜਕਾਲ ਲਈ ਦੁਬਾਰਾ ਨਾਮਜ਼ਦ ਕੀਤਾ ਜਾ ਸਕਦਾ ਹੈ, ਪਰ ਮੈਂਬਰ-ਸਕੱਤਰ ਨੂੰ ਛੱਡ ਕੇ ਕੋਈ ਵੀ ਮੈਂਬਰ ਲਗਾਤਾਰ ਦੋ ਤੋਂ ਵੱਧ ਕਾਰਜਕਾਲਾਂ ਲਈ ਅਹੁਦੇ 'ਤੇ ਨਹੀਂ ਰਹਿ ਸਕਦਾ।**

i. ਐਸ.ਐਮ.ਸੀ. ਮੈਂਬਰਾਂ ਦਾ ਕਾਰਜਕਾਲ ਹੇਠ ਲਿਖੀਆਂ ਸਥਿਤੀਆਂ ਵਿੱਚ ਖਤਮ ਕਰ ਦਿੱਤਾ ਜਾਵੇਗਾ:
   (a) ਜੇਕਰ ਮਾਪੇ/ਸਰਪ੍ਰਸਤ ਮੈਂਬਰ ਦਾ ਬੱਚਾ ਸਕੂਲ ਛੱਡ ਦਿੰਦਾ ਹੈ।
   (b) ਕਿਸੇ ਮੈਂਬਰ ਦੀ ਹਿਰਾਸਤ/ਸਜ਼ਾ, ਚਾਹੇ ਉਹ ਫੌਜਦਾਰੀ ਮਾਮਲੇ ਵਿੱਚ ਹੋਵੇ ਜਾਂ ਕਿਸੇ ਹੋਰ ਮਾਮਲੇ ਵਿੱਚ।
   (c) ਮੈਂਬਰ ਦਾ ਬਲਾਕ/ਜ਼ਿਲ੍ਹੇ ਤੋਂ ਪ੍ਰਵਾਸ ਕਰ ਜਾਣਾ।
   (d) ਮੈਂਬਰ ਦੀ ਅਚਾਨਕ ਮੌਤ ਹੋ ਜਾਣਾ।
   (e) ਜੇਕਰ ਕੋਈ ਮੈਂਬਰ ਬਿਨਾਂ ਕਿਸੇ ਸੂਚਨਾ ਦੇ ਲਗਾਤਾਰ ਚਾਰ ਮੀਟਿੰਗਾਂ ਵਿੱਚ ਗੈਰ-ਹਾਜ਼ਰ ਰਹਿੰਦਾ ਹੈ।

ii. ਮਦ (I) ਵਿੱਚ ਦੱਸੇ ਗਏ ਕਿਸੇ ਵੀ ਕਾਰਨ ਕਰਕੇ ਪੈਦਾ ਹੋਈ ਕੋਈ ਵੀ ਅਚਨਚੇਤ ਖਾਲੀ ਅਸਾਮੀ, ਲਾਗੂ ਕਰਨ ਵਾਲੀ ਅਥਾਰਟੀ/ਰਾਜ ਸਰਕਾਰ ਦੁਆਰਾ ਨਿਰਧਾਰਤ ਪ੍ਰਕਿਰਿਆ ਅਨੁਸਾਰ ਭਰੀ ਜਾਵੇਗੀ।

## 2.5 ਐਸ.ਐਮ.ਸੀ. ਦੇ ਮਾਪੇ/ਸਰਪ੍ਰਸਤ ਮੈਂਬਰਾਂ ਦੀ ਚੋਣ ਪ੍ਰਕਿਰਿਆ

ਐਸ.ਐਮ.ਸੀ. ਦੇ ਮਾਪਿਆਂ ਜਾਂ ਸਰਪ੍ਰਸਤ ਮੈਂਬਰਾਂ ਦੀ ਚੋਣ ਸਕੂਲ ਪ੍ਰਬੰਧਨ ਵਿੱਚ ਭਾਈਚਾਰੇ ਦੀ ਸਾਰਥਕ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਲੋਕਤੰਤਰੀ, ਪਾਰਦਰਸ਼ੀ ਅਤੇ ਸਮਾਵੇਸ਼ੀ ਢੰਗ ਨਾਲ ਕੀਤੀ ਜਾਵੇਗੀ। ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ ਆਪਣੇ ਸੰਬੰਧਿਤ ਨਿਯਮਾਂ ਜਾਂ ਆਦੇਸ਼ਾਂ ਅਨੁਸਾਰ ਐਸ.ਐਮ.ਸੀ. ਮੈਂਬਰਾਂ ਦੀ ਚੋਣ ਅਤੇ ਨਾਮਜ਼ਦਗੀ ਲਈ ਆਪਣੀ ਵਿਸਤ੍ਰਿਤ ਪ੍ਰਕਿਰਿਆ ਨਿਰਧਾਰਤ ਕਰ ਸਕਦੇ ਹਨ। ਹੇਠਾਂ ਦਿੱਤੀ ਗਈ ਚੋਣ ਪ੍ਰਕਿਰਿਆ ਸਿਰਫ਼ ਸੰਕੇਤਕ ਹੈ:

i. ਅਕਾਦਮਿਕ ਵਰ੍ਹੇ ਦੀ ਸ਼ੁਰੂਆਤ ਵਿੱਚ, ਸਕੂਲ ਦਾ ਮੁਖੀ ਸਬੰਧਤ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਦੁਆਰਾ ਨਿਰਧਾਰਤ ਨਿਯਮਾਂ ਅਨੁਸਾਰ ਚੋਣਾਂ ਕਰਵਾਉਣ ਦੀ ਪ੍ਰਕਿਰਿਆ ਅਤੇ ਸਮਾਂ-ਸਾਰਣੀ ਬਾਰੇ ਸਪੱਸ਼ਟ ਰੂਪ ਵਿੱਚ ਦੱਸਦੇ ਹੋਏ, ਦਾਖਲ ਹੋਏ ਬੱਚਿਆਂ ਦੇ ਸਾਰੇ ਮਾਪਿਆਂ ਅਤੇ ਸਰਪ੍ਰਸਤਾਂ ਨੂੰ ਨੋਟਿਸ ਜਾਰੀ ਕਰਕੇ ਚੋਣ ਪ੍ਰਕਿਰਿਆ ਸ਼ੁਰੂ ਕਰੇਗਾ।

ii. ਹਰੇਕ ਨਾਮਜ਼ਦ ਵਿਦਿਆਰਥੀ ਲਈ ਕੇਵਲ ਇੱਕ ਹੀ ਮਾਤਾ-ਪਿਤਾ/ਸਰਪ੍ਰਸਤ ਨੂੰ ਚੋਣ ਪ੍ਰਕਿਰਿਆ ਵਿੱਚ ਭਾਗ ਲੈਣ ਲਈ ਯੋਗ ਮੰਨਿਆ ਜਾਵੇਗਾ।

iii. ਮਾਪਿਆਂ/ਸਰਪ੍ਰਸਤਾਂ ਸਕੂਲ ਭਾਈਚਾਰੇ ਵਿੱਚੋਂ ਆਪਣੇ ਆਪ ਨੂੰ ਜਾਂ ਹੋਰ ਯੋਗ ਅਤੇ ਇੱਛੁਕ ਮਾਪਿਆਂ/ਸਰਪ੍ਰਸਤਾਂ ਨੂੰ ਨਾਮਜ਼ਦ ਕਰ ਸਕਦੇ ਹਨ। SEDGs ਅਤੇ CwSN ਦੇ ਮਾਪਿਆਂ ਦੀ ਉਚਿਤ ਪ੍ਰਤੀਨਿਧਤਾ, ਜਿਸ ਵਿੱਚ 50% ਔਰਤਾਂ ਦੀ ਪ੍ਰਤੀਨਿਧਤਾ ਅਤੇ ਸਕੂਲ ਦੀਆਂ ਸਾਰੀਆਂ ਜਮਾਤਾਂ ਦੀ ਪ੍ਰਤੀਨਿਧਤਾ ਸ਼ਾਮਲ ਹੈ, ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

iv. ਅਜਿਹੇ ਮਾਮਲਿਆਂ ਵਿੱਚ ਜਿੱਥੇ ਉਮੀਦਵਾਰਾਂ ਦੀ ਗਿਣਤੀ ਨਿਰਧਾਰਤ ਸੀਟਾਂ ਦੀ ਗਿਣਤੀ ਤੋਂ ਵੱਧ ਜਾਂਦੀ ਹੈ, ਚੋਣ ਹੱਥ ਖੜ੍ਹੇ ਕਰਕੇ ਜਾਂ ਜ਼ਬਾਨੀ ਵੋਟ ਰਾਹੀਂ ਕਰਵਾਈ ਜਾਵੇਗੀ; ਹਾਲਾਂਕਿ, ਕਿਸੇ ਵੀ ਵਿਵਾਦ ਜਾਂ ਅਣਸੁਲਝੇ ਮਤਭੇਦ ਦੀ ਸੂਰਤ ਵਿੱਚ, ਨਿਰਪੱਖਤਾ ਯਕੀਨੀ ਬਣਾਉਣ ਲਈ ਗੁਪਤ ਮਤਦਾਨ ਪ੍ਰਣਾਲੀ ਅਪਣਾਈ ਜਾ ਸਕਦੀ ਹੈ।

v. ਵੋਟਿੰਗ ਦੇ ਸਮੇਂ ਦਾਖਲ ਬੱਚਿਆਂ ਦੇ ਮਾਤਾ-ਪਿਤਾ ਜਾਂ ਸਰਪ੍ਰਸਤਾਂ ਦਾ ਘੱਟੋ-ਘੱਟ 50% ਕੋਰਮ ਮੌਜੂਦ ਹੋਣਾ ਚਾਹੀਦਾ ਹੈ।

vi. ਨਿਰਪੱਖਤਾ ਅਤੇ ਪਾਰਦਰਸ਼ਤਾ ਬਣਾਈ ਰੱਖਣ ਲਈ ਚੋਣ ਪ੍ਰਕਿਰਿਆ ਦੀ ਨਿਗਰਾਨੀ ਇੱਕ ਨਾਮਜ਼ਦ ਸਿੱਖਿਆ ਅਧਿਕਾਰੀ ਜਾਂ ਅਧਿਕਾਰਤ ਪ੍ਰਤੀਨਿਧ ਦੁਆਰਾ ਕੀਤੀ ਜਾ ਸਕਦੀ ਹੈ।

vii. ਪ੍ਰਕਿਰਿਆ ਪੂਰੀ ਹੋਣ 'ਤੇ, ਸਾਰੇ ਚੁਣੇ ਗਏ ਮਾਤਾ-ਪਿਤਾ ਜਾਂ ਸਰਪ੍ਰਸਤ ਮੈਂਬਰਾਂ ਦੇ ਨਾਮ ਸੰਸਥਾ ਦੇ ਮੁਖੀ ਦੁਆਰਾ ਅਧਿਕਾਰਤ ਤੌਰ 'ਤੇ ਦਰਜ ਕੀਤੇ ਜਾਣਗੇ।

**ਐਸ.ਐਮ.ਸੀ. ਦੇ ਗਠਨ ਤੋਂ ਬਾਅਦ, ਨਵੀਂ ਬਣੀ ਕਮੇਟੀ ਦੀ ਪਹਿਲੀ ਮੀਟਿੰਗ ਅਗਲੇ ਕੰਮਕਾਜੀ ਦਿਨ ਜਾਂ ਵੱਧ ਤੋਂ ਵੱਧ ਇੱਕ ਹਫ਼ਤੇ ਦੇ ਅੰਦਰ ਬੁਲਾਈ ਜਾਵੇ। ਪਹਿਲੀ ਮੀਟਿੰਗ ਵਿੱਚ ਪ੍ਰਧਾਨ ਅਤੇ ਉਪ-ਪ੍ਰਧਾਨ ਦੀ ਚੋਣ ਕੀਤੀ ਜਾਵੇਗੀ।**

## 2.6 ਐਸ.ਐਮ.ਸੀ. ਦੀਆਂ ਉਪ-ਕਮੇਟੀਆਂ

ਪ੍ਰਧਾਨ, ਉਪ ਪ੍ਰਧਾਨ ਅਤੇ ਮੈਂਬਰ ਸਕੱਤਰ ਐਸ.ਐਮ.ਸੀ. ਦੇ ਕੰਮਕਾਜ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਲੋੜ ਅਨੁਸਾਰ ਮੈਂਬਰਾਂ ਵਿੱਚੋਂ ਉਪ-ਕਮੇਟੀਆਂ ਦਾ ਗਠਨ ਕਰ ਸਕਦੇ ਹਨ। ਐਸ.ਐਮ.ਸੀ. ਦੀ ਸਹਾਇਤਾ ਲਈ ਹੇਠ ਲਿਖੀਆਂ ਦੋ ਉਪ-ਕਮੇਟੀਆਂ ਹੋ ਸਕਦੀਆਂ ਹਨ:

(a) **ਸਕੂਲ ਭਵਨ ਕਮੇਟੀ:** ਸਕੂਲ ਭਵਨ ਕਮੇਟੀ ਨੂੰ ਸਕੂਲ ਦੇ ਬੁਨਿਆਦੀ ਢਾਂਚੇ ਦੀ ਉਸਾਰੀ, ਨਵੀਨੀਕਰਨ, ਮੁਰੰਮਤ ਅਤੇ ਰੱਖ-ਰਖਾਅ ਨਾਲ ਸਬੰਧਤ ਯੋਜਨਾਬੰਦੀ, ਅਨੁਮਾਨ ਲਗਾਉਣ, ਪ੍ਰਬੰਧਨ, ਨਿਗਰਾਨੀ, ਨਿਰੀਖਣ, ਰਿਪੋਰਟਿੰਗ ਅਤੇ ਖਾਤਿਆਂ ਦੇ ਰੱਖ-ਰਖਾਅ ਲਈ ਜ਼ਿੰਮੇਵਾਰ ਬਣਾਇਆ ਜਾ ਸਕਦਾ ਹੈ। ਇਹ ਸੁਰੱਖਿਅਤ, ਬਾਲ-ਅਨੁਕੂਲ ਅਤੇ ਲਿੰਗ-ਸੰਵੇਦਨਸ਼ੀਲ ਸਹੂਲਤਾਂ, ਸਰਵਵਿਆਪੀ ਪਹੁੰਚਯੋਗਤਾ ਅਤੇ ਨਿਰਧਾਰਤ ਵਿੱਤੀ ਅਤੇ ਤਕਨੀਕੀ ਮਿਆਰਾਂ ਦੀ ਪਾਲਣਾ ਨੂੰ ਯਕੀਨੀ ਬਣਾ ਸਕਦੀ ਹੈ, ਜਦਕਿ ਇੱਕ ਸੁਰੱਖਿਅਤ, ਸੰਮਿਲਿਤ ਅਤੇ ਸਿੱਖਿਆਰਥੀ-ਅਨੁਕੂਲ ਮਾਹੌਲ ਸਿਰਜਣ ਲਈ ਸਾਰੇ ਸਿਵਲ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਲਗਾਤਾਰ ਨਿਗਰਾਨੀ ਨੂੰ ਯਕੀਨੀ ਬਣਾ ਸਕਦੀ ਹੈ।

(b) **ਅਕਾਦਮਿਕ ਕਮੇਟੀ:** ਅਕਾਦਮਿਕ ਕਮੇਟੀ ਯੋਜਨਾਬੰਦੀ, ਪ੍ਰਬੰਧਨ, ਨਿਗਰਾਨੀ, ਨਿਰੀਖਣ, ਰਿਪੋਰਟਿੰਗ, UDISE+ ਲਈ ਡੇਟਾ ਇਕੱਠਾ ਕਰਨ ਸਮੇਤ ਸਾਰੀਆਂ ਅਕਾਦਮਿਕ ਗਤੀਵਿਧੀਆਂ ਲਈ ਜ਼ਿੰਮੇਵਾਰ ਹੋ

ਸਕਦੀ ਹੈ। ਇਹ ਸਮਾਜਿਕ-ਆਰਥਿਕ, ਲਿੰਗ ਅਤੇ ਅਪੰਗਤਾ ਨਾਲ ਸਬੰਧਤ ਰੁਕਾਵਟਾਂ ਨੂੰ ਦੂਰ ਕਰਕੇ ਸਿੱਖਿਆ ਦੀ ਗੁਣਵੱਤਾ ਅਤੇ ਸਮਾਨਤਾ ਵਿੱਚ ਨਿਰੰਤਰ ਸੁਧਾਰ ਨੂੰ ਵੀ ਯਕੀਨੀ ਬਣਾਏਗੀ; ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਦੀ ਨਿਗਰਾਨੀ ਕਰੇਗੀ; ਮਾਰਗਦਰਸ਼ਨ ਅਤੇ ਕੌਂਸਲਿੰਗ ਵਿੱਚ ਸਹਾਇਤਾ ਕਰੇਗੀ; ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਨਜ਼ਰ ਰੱਖੇਗੀ; ਸੰਵਰਧਨ ਅਤੇ ਵਿਕਾਸਾਤਮਕ ਸਿੱਖਣ ਦੀਆਂ ਗਤੀਵਿਧੀਆਂ ਨੂੰ ਉਤਸ਼ਾਹਿਤ ਕਰੇਗੀ; ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸਮੁੱਚੇ ਅਕਾਦਮਿਕ, ਸਮਾਜਿਕ ਅਤੇ ਸ਼ਖਸੀਅਤ ਦੇ ਵਿਕਾਸ ਨੂੰ ਉਤਸ਼ਾਹਿਤ ਕਰੇਗੀ। ਇਹਨਾਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ, ਇਹ ਕਮੇਟੀ ਵਿਦਿਆਰਥੀਆਂ ਦੀ ਪ੍ਰਾਪਤੀ ਅਤੇ ਸਕੂਲ ਦੇ ਸਮੁੱਚੇ ਅਕਾਦਮਿਕ ਮਾਹੌਲ ਦੀ ਮੁੱਖ ਰਖਵਾਲੀ ਵਜੋਂ ਕੰਮ ਕਰਦੀ ਹੈ।

## 3. ਐਸ.ਐਮ.ਸੀ. ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਜਾਂ ਕਾਰਜ

ਐਸ.ਐਮ.ਸੀ. **ਸਕੂਲ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਨੂੰ ਯਕੀਨੀ ਬਣਾਉਣ ਅਤੇ ਸਿੱਖਿਆ ਦੀ ਗੁਣਵੱਤਾ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ**। ਇਸਦੇ ਮੁੱਖ ਕਾਰਜਾਂ ਵਿੱਚ ਸਕੂਲ ਦੇ ਸਮੁੱਚੇ ਕੰਮਕਾਜ ਦੀ ਨਿਗਰਾਨੀ ਕਰਨਾ ਅਤੇ ਸਮੱਗਰ ਸਿੱਖਿਆ, ਪੀ ਐਮ ਸ਼੍ਰੀ (PM SHRI) ਅਤੇ ਪੀ ਐਮ ਪੋਸ਼ਣ (PM Poshan) ਸਮੇਤ ਵਿਦਿਅਕ ਮੁਹਿੰਮਾਂ ਦੇ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਲਾਗੂਕਰਨ ਦੀ ਦੇਖਭਾਲ ਕਰਨਾ ਸ਼ਾਮਲ ਹੈ। ਐਸ.ਐਮ.ਸੀ. ਬੁਨਿਆਦੀ ਢਾਂਚੇ ਵਿੱਚ ਕਮੀਆਂ ਦੀ ਪਛਾਣ ਕਰਕੇ, ਮੌਜੂਦਾ ਸਹੂਲਤਾਂ ਦਾ ਸਰਵੇਖਣ ਕਰਕੇ ਅਤੇ ਸਕੂਲ ਦੀਆਂ ਵਿਸ਼ੇਸ਼ ਲੋੜਾਂ ਨੂੰ ਪੂਰਾ ਕਰਕੇ ਇੱਕ ਵਿਆਪਕ ਸਕੂਲ ਵਿਕਾਸ ਯੋਜਨਾ(School Development Plan - ਐਸ.ਡੀ.ਪੀ.) ਤਿਆਰ ਕਰਨ ਅਤੇ ਉਸ ਦੀ ਸਿਫ਼ਾਰਸ਼ ਕਰਨ ਲਈ ਜ਼ਿੰਮੇਵਾਰ ਹੈ। ਸਕੂਲ ਦੇ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਲਈ ਸੀ.ਐਸ.ਆਰ. (CSR) ਰਾਹੀਂ ਦਾਨ/ਸਹਿਯੋਗ ਇਕੱਤਰ ਕਰਨ ਦੀ ਜ਼ਿੰਮੇਵਾਰੀ ਐਸ.ਐਮ.ਸੀ. ਦੀ ਹੋਵੇਗੀ। ਇਹ ਸਕੂਲ-ਭਾਈਚਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਮਾਪਿਆਂ ਅਤੇ ਭਾਈਚਾਰੇ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦੇ ਹੋਏ, ਉਚਿਤ ਸਰਕਾਰ, ਸਥਾਨਕ ਅਥਾਰਟੀਆਂ ਜਾਂ ਹੋਰ ਸਰੋਤਾਂ ਤੋਂ ਪ੍ਰਾਪਤ ਗ੍ਰਾਂਟਾਂ ਦੀ ਵਰਤੋਂ ਦੀ ਨਿਗਰਾਨੀ ਵੀ ਕਰੇਗੀ। ਸਕੂਲ ਦੀਆਂ ਲੋੜਾਂ ਦੀ ਪਛਾਣ ਕਰਕੇ ਅਤੇ ਕਾਰਵਾਈਯੋਗ ਯੋਜਨਾਵਾਂ ਤਿਆਰ ਕਰਕੇ, ਐਸ.ਐਮ.ਸੀ. ਸਕੂਲ, ਭਾਈਚਾਰੇ ਅਤੇ ਸਥਾਨਕ ਅਥਾਰਟੀਆਂ ਵਿਚਕਾਰ ਤਾਲਮੇਲ ਪੈਦਾ ਕਰਦੀ ਹੈ, ਜਿਸ ਨਾਲ ਇੱਕ ਸਮਾਵੇਸ਼ੀ, ਸੰਸਾਧਨ-ਭਰਪੂਰ ਸਿੱਖਿਅਕ ਵਾਤਾਵਰਨ ਸਿਰਜਿਆ ਜਾਂਦਾ ਹੈ। ਇਸ ਅਨੁਸਾਰ, ਐਸ.ਐਮ.ਸੀ. ਮੈਂਬਰਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਦੇ ਮੁੱਖ ਖੇਤਰਾਂ ਵਿੱਚ ਸ਼ਾਮਲ ਹੋ ਸਕਦੇ ਹਨ:



i. **ਸਾਰੇ ਬੱਚਿਆਂ ਲਈ ਦਾਖਲਾ, ਸਕੂਲ ਵਿੱਚ ਟਿਕਾਅ ਅਤੇ ਸਮਾਵੇਸ਼ੀ ਸਿੱਖਿਆ ਦੇ ਮੌਕੇ ਯਕੀਨੀ ਬਣਾਉਣਾ:** ਐਸ.ਐਮ.ਸੀ. ਮੈਂਬਰਾਂ ਨੂੰ ਸਾਰੇ ਬੱਚਿਆਂ ਦੇ ਦਾਖਲੇ ਅਤੇ ਨਿਯਮਤ ਹਾਜ਼ਰੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ, ਖਾਸ ਤੌਰ 'ਤੇ ਉਹਨਾਂ ਬੱਚਿਆਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਜੋ ਐਸ ਈ ਡੀ ਜੀ ਅਤੇ ਸੀ ਡਬਲਯੂ ਐਸ ਐਨ ਸ਼੍ਰੇਣੀਆਂ ਨਾਲ ਸਬੰਧਤ ਹਨ। ਇਹ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਕੋਈ ਵੀ ਬੱਚਾ ਸਕੂਲੀ ਸਿੱਖਿਆ ਪ੍ਰਾਪਤ ਕਰਨ ਅਤੇ ਪੂਰੀ ਕਰਨ ਵਿੱਚ ਕਿਸੇ ਕਿਸਮ ਦੇ

ਵਿਤਕਰੇ ਜਾਂ ਰੁਕਾਵਟ ਦਾ ਸਾਹਮਣਾ ਨਾ ਕਰੇ। ਐਸ.ਐਮ.ਸੀ. ਨੂੰ ਸਕੂਲ ਵਿੱਚ ਇਹ ਯਕੀਨੀ ਬਣਾਉਣ ਵਿੱਚ ਵੀ ਸਹਿਯੋਗ ਦੇਣਾ ਚਾਹੀਦਾ ਹੈ ਕਿ ਸਕੂਲ ਵਿੱਚ ਕਿਸੇ ਵੀ ਬੱਚੇ ਨਾਲ ਪਰੇਸ਼ਾਨੀ ਜਾਂ ਸ਼ੋਸ਼ਣ ਦੀ ਕੋਈ ਘਟਨਾ ਨਾ ਵਾਪਰੇ। ਅਜਿਹੇ ਕਿਸੇ ਵੀ ਮਾਮਲੇ ਦੀ ਤੁਰੰਤ ਸਬੰਧਤ ਅਧਿਕਾਰੀਆਂ ਨੂੰ ਸੂਚਨਾ ਦਿੱਤੀ ਜਾਣੀ ਚਾਹੀਦੀ ਹੈ। ਐਸ.ਐਮ.ਸੀ. ਨੂੰ PRASHAST ਐਪ ਅਤੇ ਹੋਰ ਤਰੀਕਿਆਂ ਦੀ ਵਰਤੋਂ ਕਰਕੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ (CwSN) ਦੀ ਪਛਾਣ ਕਰਨ ਵਿੱਚ ਸਕੂਲ ਦੀ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਸਾਰੀਆਂ ਗਤੀਵਿਧੀਆਂ ਵਿੱਚ ਉਹਨਾਂ ਦੀ ਸ਼ਮੂਲੀਅਤ ਦਾ ਸਮਰਥਨ ਕਰਨਾ ਚਾਹੀਦਾ ਹੈ।

ii. **ਸਕੂਲ ਛੱਡ ਚੁੱਕੇ ਅਤੇ ਸਕੂਲ ਤੋਂ ਬਾਹਰ ਰਹਿ ਗਏ ਬੱਚਿਆਂ (OoSC) ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਦਾਖਲਾ ਮੁਹਿੰਮਾਂ:** ਸਕੂਲ ਦੇ ਰਿਕਾਰਡ ਅਤੇ ਭਾਈਚਾਰਕ ਡੇਟਾਬੇਸ ਦੇ ਅਧਾਰ 'ਤੇ, ਐਸ.ਐਮ.ਸੀ. ਮੈਂਬਰਾਂ ਨੂੰ ਸਕੂਲ ਤੋਂ ਬਾਹਰ ਰਹਿ ਗਏ ਅਤੇ ਪੜ੍ਹਾਈ ਵਿਚਾਲੇ ਛੱਡ ਚੁੱਕੇ ਬੱਚਿਆਂ ਦੀ ਪਛਾਣ ਕਰਨ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ, ਅਤੇ ਸਕੂਲ ਸਟਾਫ ਨਾਲ ਮਿਲ ਕੇ ਉਨ੍ਹਾਂ ਨੂੰ ਉਮਰ ਦੇ ਅਨੁਕੂਲ ਜਮਾਤਾਂ ਵਿੱਚ ਸ਼ਾਮਲ ਕਰਨ ਲਈ ਸਾਂਝੇ ਯਤਨ ਕਰਨੇ ਚਾਹੀਦੇ ਹਨ। ਇਸ ਕਾਰਜ ਨੂੰ ਸੁਖਾਲਾ ਬਣਾਉਣ ਲਈ, ਮੁਫਤ ਅਤੇ ਲਾਜ਼ਮੀ ਸਕੂਲੀ ਸਿੱਖਿਆ ਦੇ ਪ੍ਰਬੰਧਾਂ ਦਾ ਘਰ-ਘਰ ਜਾ ਕੇ ਪ੍ਰਚਾਰ, ਮਾਪਿਆਂ ਅਤੇ ਬੱਚਿਆਂ ਦੀ ਕੌਂਸਲਿੰਗ, ਸਥਾਨਕ ਮੀਡੀਆ, ਕਮਿਊਨਿਟੀ ਰੇਡੀਓ, ਗ੍ਰਾਮ ਸਭਾਵਾਂ ਅਤੇ ਹੋਰ ਭਾਈਚਾਰਕ ਮੰਚਾਂ ਰਾਹੀਂ ਵਿਆਪਕ ਪ੍ਰਚਾਰ ਕੀਤਾ ਜਾ ਸਕਦਾ ਹੈ। ਇਹ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕੀਤਾ ਜਾਣਾ ਚਾਹੀਦਾ ਹੈ ਕਿ ਸਕੂਲੀ ਸਿੱਖਿਆ ਪ੍ਰਾਪਤ ਕਰਨ ਅਤੇ ਪੂਰੀ ਕਰਨ ਵਿੱਚ ਕੋਈ ਵੀ ਬੱਚਾ ਪਿੱਛੇ ਨਾ ਰਹਿ ਜਾਵੇ। ਐਸ.ਐਮ.ਸੀ. ਬਾਹਰ ਬੱਚਿਆਂ ਅਤੇ ਪ੍ਰੀ-ਪ੍ਰਾਇਮਰੀ (ਬਾਲਵਾਟਿਕਾ / ਆਂਗਣਵਾੜੀ) ਤੋਂ ਜਮਾਤ 1, ਫਾਊਂਡੇਸ਼ਨਲ ਤੋਂ ਪ੍ਰੈਪਰੇਟਰੀ (ਜਮਾਤ 2 ਤੋਂ ਜਮਾਤ 3), ਪ੍ਰੈਪਰੇਟਰੀ ਤੋਂ ਮਿਡਲ (ਜਮਾਤ 5 ਤੋਂ ਜਮਾਤ 6) ਅਤੇ ਮਿਡਲ ਤੋਂ ਸੈਕੰਡਰੀ ਪੱਧਰ (ਜਮਾਤ 8 ਤੋਂ ਜਮਾਤ 9) ਵਿੱਚ ਜਾਣ ਵਾਲੇ ਬੱਚਿਆਂ ਦੇ ਡੇਟਾਬੇਸ ਨੂੰ ਅਪਡੇਟ ਕਰਨ ਵਿੱਚ ਸਕੂਲਾਂ ਦੀ ਮਦਦ ਕਰ ਸਕਦੀ ਹੈ।

iii. **ਵਿਦਿਆਰਥੀਆਂ ਦੇ ਹੱਕਾਂ ਦੀ ਸਮੇਂ ਸਿਰ ਵੰਡ ਯਕੀਨੀ ਬਣਾਉਣਾ:** ਐਸ.ਐਮ.ਸੀ. ਮੈਂਬਰਾਂ ਨੂੰ ਯੋਗ ਵਿਦਿਆਰਥੀਆਂ ਨੂੰ ਮੁਫਤ ਪਾਠ ਪੁਸਤਕਾਂ, ਵਰਦੀਆਂ, ਵਜ਼ੀਫੇ, ਭੱਤੇ ਅਤੇ ਅਜਿਹੇ ਹੋਰ ਪ੍ਰਬੰਧਾਂ ਦੀ ਸਮੇਂ ਸਿਰ ਡਿਲੀਵਰੀ ਯਕੀਨੀ ਬਣਾਉਣੀ ਚਾਹੀਦੀ ਹੈ।

iv. **ਅਧਿਆਪਕ-ਮਾਪੇ ਮੀਟਿੰਗਾਂ (PTMs) ਵਿੱਚ ਸਹਿਯੋਗ:** ਐਸ.ਐਮ.ਸੀ. ਵਿਦਿਆਰਥੀਆਂ ਦੀ ਅਕਾਦਮਿਕ ਅਤੇ ਹੋਰ ਗਤੀਵਿਧੀਆਂ ਜਿਵੇਂ ਕਿ ਖੇਡਾਂ, ਸਰੀਰਕ ਤੰਦਰੁਸਤੀ, ਸਿਹਤ, ਕਲਾ, ਆਚਰਣ, ਵਿਵਹਾਰ ਆਦਿ ਵਿੱਚ ਸਕੂਲ ਦੀ ਕਾਰਗੁਜ਼ਾਰੀ ਸਾਂਝੀ ਕਰਨ ਲਈ ਨਿਯਮਤ ਪੀ ਟੀ ਐਮ ਆਯੋਜਿਤ ਕਰਨ ਵਿੱਚ ਪੂਰਨ ਸਹਿਯੋਗ ਦੇ ਸਕਦੀ ਹੈ। ਪੀ ਟੀ ਐਮ ਬੱਚਿਆਂ ਦੀ ਵਿਦਿਅਕ ਯਾਤਰਾ ਵਿੱਚ ਮਾਪਿਆਂ/ਸਰਪ੍ਰਸਤਾਂ ਨੂੰ ਸ਼ਾਮਲ ਕਰਨ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹਨ।

v. **ਅਕਾਦਮਿਕ ਯੋਜਨਾਬੰਦੀ ਅਤੇ ਸਹਿਯੋਗ:** ਐਸ.ਐਮ.ਸੀ. ਮੈਂਬਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਕੂਲ ਸਮਗਰ ਸਿੱਖਿਆ ਅਭਿਆਨ ਅਤੇ ਐਨ.ਈ.ਪੀ. 2020 ਦੇ ਅਧੀਨ ਨਿਰਧਾਰਤ ਨਿਯਮਾਂ ਅਤੇ ਮਾਪਦੰਡਾਂ ਦੀ ਪਾਲਣਾ ਕਰਨ। ਉਨ੍ਹਾਂ ਨੂੰ ਇਸ ਗੱਲ ਦੀ ਨਿਗਰਾਨੀ ਕਰਨੀ ਚਾਹੀਦੀ ਹੈ ਕਿ ਅਧਿਆਪਕ ਨਿਯਮਿਤ ਤੌਰ 'ਤੇ ਸਕੂਲ ਆਉਣ, ਪਾਠਕ੍ਰਮ ਸਮੇਂ ਸਿਰ ਪੂਰਾ ਕਰਨ ਅਤੇ ਬੱਚੇ ਦੀ ਪ੍ਰਗਤੀ ਸਾਂਝੀ ਕਰਨ ਲਈ ਮਾਪਿਆਂ ਨੂੰ ਮਿਲਣ। ਕਮੇਟੀ ਅਧਿਆਪਕਾਂ ਦੀ ਘਾਟ ਨੂੰ ਦੂਰ ਕਰਨ ਲਈ ਲੋੜੀਂਦੀ ਕਾਰਵਾਈ ਅਤੇ ਅਧਿਆਪਕਾਂ ਦੀ ਮੁੱਖ ਤੌਰ 'ਤੇ ਅਕਾਦਮਿਕ ਕੰਮਾਂ ਵਿੱਚ ਸ਼ਮੂਲੀਅਤ ਵਿੱਚ ਸਹਿਯੋਗ ਦੇ ਸਕਦੀ ਹੈ।

ਐਸ.ਐਮ.ਸੀ. ਨੂੰ ਸਕੂਲ ਕੈਲੰਡਰ ਤਿਆਰ ਕਰਨ, ਜਮਾਤ ਦੀਆਂ ਗਤੀਵਿਧੀਆਂ ਦਾ ਨਿਰੀਖਣ ਕਰਨ ਅਤੇ ਸਿੱਖਣ ਦੀਆਂ ਕਮੀਆਂ ਦੀ ਪਛਾਣ ਕਰਨ ਵਿੱਚ ਅਧਿਆਪਕਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਤਾਂ ਜੋ ਅਧਿਆਪਨ-ਸਿੱਖਣ ਪ੍ਰਕਿਰਿਆਵਾਂ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜਿਆਂ (Learning Outcomes – LOs) ਵਿੱਚ ਸੁਧਾਰ ਲਿਆਂਦਾ ਜਾ ਸਕੇ। ਐਸ.ਐਮ.ਸੀ. ਨੂੰ ਕਿਸੇ ਅਧਿਆਪਕ ਦੀ ਲਗਾਤਾਰ ਗੈਰ-ਹਾਜ਼ਰੀ ਬਾਰੇ ਸਬੰਧਤ ਅਧਿਕਾਰੀਆਂ ਨੂੰ

ਰਿਪੋਰਟ ਕਰਨੀ ਚਾਹੀਦੀ ਹੈ ਤਾਂ ਜੋ ਪੜ੍ਹਾਈ ਦੀ ਨਿਰੰਤਰਤਾ ਪ੍ਰਭਾਵਿਤ ਨਾ ਹੋਵੇ। ਸਿੱਖਣ ਦੀ ਪ੍ਰਕਿਰਿਆ ਨੂੰ ਵਧੇਰੇ ਦਿਲਚਸਪ, ਢੁਕਵਾਂ ਅਤੇ ਭਾਈਚਾਰੇ ਨਾਲ ਜੋੜਨ ਅਤੇ ਬਸਤਾ-ਮੁਕਤ ਦਿਨਾਂ (bagless days) ਨੂੰ ਸਾਰਥਕ ਬਣਾਉਣ ਲਈ, ਐਸ.ਐਮ.ਸੀ. ਨੂੰ ਹੇਠ ਲਿਖੇ ਯਤਨ ਕਰਨੇ ਚਾਹੀਦੇ ਹਨ:

- **ਭਾਈਚਾਰਕ-ਆਧਾਰਿਤ ਸਿੱਖਣ ਸਮਾਗਮਾਂ ਜਿਵੇਂ ਕਿ** ਵਿਗਿਆਨ ਮੇਲੇ, ਯਾਤਰਾਵਾਂ, ਜਾਂ ਵਾਤਾਵਰਨ ਮੁਹਿੰਮਾਂ ਦੇ ਆਯੋਜਨ ਵਿੱਚ ਸਹਿਯੋਗ ਦੇਣਾ ਤਾਂ ਜੋ ਅਨੁਭਵੀ ਸਿੱਖਿਆ ਨੂੰ ਉਤਸ਼ਾਹਿਤ ਕੀਤਾ ਜਾ ਸਕੇ।
- **ਪ੍ਰੋਜੈਕਟ-ਆਧਾਰਿਤ ਸਿੱਖਿਆ ਨੂੰ ਉਤਸ਼ਾਹਿਤ ਕਰਨ ਵਿੱਚ ਸਹਾਇਤਾ ਕਰਨਾ,** ਜੋ ਪਾਣੀ ਦੀ ਸੰਭਾਲ, ਕੂੜਾ ਪ੍ਰਬੰਧਨ, ਜਾਂ ਟਿਕਾਊ ਖੇਤੀ ਵਰਗੇ ਸਮੁਦਾਇਕ ਮੁੱਦਿਆਂ 'ਤੇ ਕੇਂਦਰਿਤ ਹੋਵੇ ਅਤੇ ਜਮਾਤ ਦੇ ਗਿਆਨ ਨੂੰ ਅਸਲ ਜੀਵਨ ਦੀਆਂ ਚੁਣੌਤੀਆਂ ਨਾਲ ਜੋੜ ਸਕੇ।
- **ਸਥਾਨਕ ਕਾਰੋਬਾਰਾਂ ਅਤੇ ਉਦਯੋਗਾਂ ਦੀਆਂ ਲੋੜਾਂ ਅਨੁਸਾਰ** ਹੁਨਰਾਂ ਦੀ ਮੰਗ ਉਠਾਉਣਾ ਤਾਂ ਜੋ ਸੰਬੰਧਿਤ ਹੁਨਰਾਂ ਨੂੰ ਸ਼ਾਮਲ ਕੀਤਾ ਜਾ ਸਕੇ ਅਤੇ ਐਨ.ਈ.ਪੀ. 2020 ਦੇ ਆਦੇਸ਼ਾਂ ਅਨੁਸਾਰ ਹੁਨਰ ਸਿੱਖਿਆ ਲਈ ਇੰਟਰਨਸ਼ਿਪ ਜਾਂ ਅਪ੍ਰੈਂਟਿਸਸ਼ਿਪ ਜਾਂ ਸਿਖਲਾਈ ਦੀ ਸਹੂਲਤ ਦਿੱਤੀ ਜਾ ਸਕੇ।

vi. **ਬੁਨਿਆਦੀ ਸਾਖਰਤਾ ਅਤੇ ਸੰਖਿਆ ਗਿਆਨ (FLN) ਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ:** ਐਸ.ਐਮ.ਸੀ. ਨਿਪੁੰਨ (NIPUN) ਭਾਰਤ ਮਿਸ਼ਨ[2]ਦੇ ਤਹਿਤ FLN ਟੀਚਿਆਂ ਨੂੰ ਪ੍ਰਾਪਤ ਕਰਨ ਲਈ ਭਾਈਚਾਰੇ ਅਤੇ ਮਾਪਿਆਂ ਦੀ ਸ਼ਮੂਲੀਅਤ ਨੂੰ ਹੋਰ ਉਤਸ਼ਾਹਿਤ ਕਰੇਗੀ। ਇਹ ਸ਼ੁਰੂਆਤੀ ਜਮਾਤਾਂ ਵਿੱਚ ਬੱਚੇ ਦੀ ਮਾਤ ਭਾਸ਼ਾ ਦੀ ਵਰਤੋਂ ਨੂੰ ਉਤਸ਼ਾਹਿਤ ਕਰਕੇ, ਸਥਾਨਕ ਭਾਸ਼ਾ ਦੇ ਰੀਡਿੰਗ ਕਾਰਨਰ ਬਣਾਉਣ, ਕਹਾਣੀ ਸੁਣਾਉਣ ਦੇ ਸੈਸ਼ਨਾਂ ਅਤੇ ਮਾਪਿਆਂ ਦੀ ਅਗਵਾਈ ਵਾਲੇ ਰੀਡਿੰਗ ਕਲੱਬਾਂ ਵਿੱਚ ਸਹਾਇਤਾ ਕਰਕੇ ਹਰ ਸਕੂਲ ਵਿੱਚ ਗੁਣਵੱਤਾਪੂਰਨ ਸਿੱਖਿਆ ਲਈ ਸਮੂਹਿਕ ਜਵਾਬਦੇਹੀ ਪੈਦਾ ਕਰੇਗੀ। ਐਸ.ਐਮ.ਸੀ. ਅਧਿਆਪਕਾਂ ਅਤੇ ਭਾਈਚਾਰਕ ਸਵੈ-ਸੇਵਕਾਂ ਦੁਆਰਾ ਬਹੁ-ਭਾਸ਼ਾਈ ਅਧਿਆਪਨ-ਸਿੱਖਣ ਸਮੱਗਰੀ ਦੇ ਵਿਕਾਸ ਵਿੱਚ ਵੀ ਸਹਾਇਤਾ ਕਰ ਸਕਦੀ ਹੈ। ਐਸ.ਐਮ.ਸੀ. ਨੂੰ ਇਹ ਯਕੀਨੀ ਬਣਾ ਕੇ ਸਕੂਲ ਨੂੰ 'ਨਿਪੁੰਨ' ਬਣਾਉਣ ਲਈ ਕੇਂਦ੍ਰਿਤ ਅਤੇ ਸਮਾਂਬੱਧ ਯਤਨਾਂ ਦਾ ਸਮਰਥਨ ਕਰਨਾ ਚਾਹੀਦਾ ਹੈ ਕਿ ਸਾਰੇ ਵਿਦਿਆਰਥੀ ਸ਼੍ਰੇਣੀ-ਅਨੁਕੂਲ FLN ਯੋਗਤਾਵਾਂ ਪ੍ਰਾਪਤ ਕਰਨ। ਸਥਾਨਕ ਯੁਵਕ ਸਵੈ-ਸੇਵਕ, ਅਧਿਆਪਕਾਂ ਦੇ ਸਹਿਯੋਗ ਨਾਲ, ਬੁਨਿਆਦੀ ਸਾਖਰਤਾ ਅਤੇ ਸੰਖਿਆ ਗਿਆਨ ਵਿੱਚ ਵਿਦਿਆਰਥੀਆਂ ਦੀ ਪ੍ਰਗਤੀ ਦਾ ਮੁਲਾਂਕਣ ਕਰਨ, ਉਸ ਨੂੰ ਮਜ਼ਬੂਤ ਕਰਨ ਅਤੇ ਜਸ਼ਨ ਮਨਾਉਣ ਲਈ ਸਮੇਂ-ਸਮੇਂ 'ਤੇ ਭਾਈਚਾਰਕ ਸਿੱਖਣ ਉਤਸਵ, ਪਠਨ ਅਭਿਆਨ ਜਾਂ ਅਜਿਹੀਆਂ ਪਹਿਲਕਦਮੀਆਂ ਦਾ ਆਯੋਜਨ ਕਰ ਸਕਦੇ ਹਨ। ਐਸ.ਐਮ.ਸੀ. ਨੂੰ ਆਂਗਣਵਾੜੀ ਵਰਕਰਾਂ ਅਤੇ ਪ੍ਰਾਇਮਰੀ ਅਧਿਆਪਕਾਂ ਵਿਚਕਾਰ ਸਾਂਝੀ ਯੋਜਨਾਬੰਦੀ ਅਤੇ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਅਨੰਦਮਈ, ਖੇਡ-ਅਧਾਰਿਤ ਸ਼ੁਰੂਆਤੀ ਸਿੱਖਿਆ ਅਤੇ ਆਂਗਣਵਾੜੀ ਤੋਂ ਸਕੂਲ ਤੱਕ ਸੁਖਾਲੇ ਬਦਲਾਅ ਨੂੰ ਯਕੀਨੀ ਬਣਾਇਆ ਜਾ ਸਕੇ। ਕਮੇਟੀ ਸਕੂਲੀ ਗਤੀਵਿਧੀਆਂ ਵਿੱਚ ਰਵਾਇਤੀ ਗਿਆਨ, ਕਲਾਵਾਂ ਅਤੇ ਸਥਾਨਕ ਵਿਰਸੇ ਨੂੰ ਏਕੀਕ੍ਰਿਤ ਕਰਨ ਲਈ ਸਥਾਨਕ ਕਲਾਕਾਰਾਂ, ਸ਼ਿਲਪਕਾਰਾਂ ਅਤੇ ਬਜ਼ੁਰਗਾਂ ਨਾਲ ਵੀ ਸਹਿਯੋਗ ਕਰ ਸਕਦੀ ਹੈ, ਜਿਸ ਵਿੱਚ ਸਥਾਨਕ ਗੀਤਾਂ, ਤੁਕਬੰਦੀਆਂ, ਸ਼ਿਲਪਕਾਰੀ ਅਤੇ ਤਿਉਹਾਰਾਂ ਦੀ ਵਰਤੋਂ ਸ਼ਾਮਲ ਹੈ, ਜਿਸ ਨਾਲ ਵਿਦਿਆਰਥੀਆਂ ਵਿੱਚ ਹੁਨਰ ਵਿਕਾਸ ਅਤੇ ਸੱਭਿਆਚਾਰਕ ਜੜ੍ਹਾਂ ਨਾਲ ਜੁੜਾਅ ਨੂੰ ਹੁਲਾਰਾ ਮਿਲੇਗਾ। ਮਾਪਿਆਂ ਅਤੇ ਭਾਈਚਾਰਕ ਸ਼ਮੂਲੀਅਤ ਬਾਰੇ ਵਿਸਤ੍ਰਿਤ ਮਾਰਗਦਰਸ਼ਨ ਨਿਪੁੰਨ ਭਾਰਤ ਲਾਗੂਕਰਨ ਦਿਸ਼ਾ-ਨਿਰਦੇਸ਼ (2021) ਦੇ ਅਧਿਆਇ 14 ਵਿੱਚ ਦਿੱਤਾ ਗਿਆ ਹੈ।

vii. **ਪ੍ਰਧਾਨ ਮੰਤਰੀ ਪੋਸ਼ਣ ਸ਼ਕਤੀ ਨਿਰਮਾਣ (PM POSHAN) ਅਤੇ ਸਿਹਤ ਪਹਿਲਕਦਮੀਆਂ:**

[2] ਨਿਪੁੰਨ ਭਾਰਤ (ਨੈਸ਼ਨਲ ਇਨੀਸ਼ੀਏਟਿਵ ਫਾਰ ਪ੍ਰੋਫੀਸ਼ੈਂਸੀ ਇਨ ਰੀਡਿੰਗ ਵਿਦ ਅੰਡਰਸਟੈਂਡਿੰਗ ਐਂਡ ਨਿਊਮੇਰੇਸੀ) ਰਾਸ਼ਟਰੀ ਸਿੱਖਿਆ ਨੀਤੀ 2020 ਦੇ ਤਹਿਤ ਇੱਕ ਰਾਸ਼ਟਰੀ ਮਿਸ਼ਨ ਹੈ, ਜਿਸਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ 2026-27 ਤੱਕ ਹਰ ਬੱਚਾ ਗ੍ਰੇਡ 2 ਤੱਕ ਬੁਨਿਆਦੀ ਸਾਖਰਤਾ ਅਤੇ ਸੰਖਿਆ ਗਿਆਨ (FLN) ਪ੍ਰਾਪਤ ਕਰ ਲਵੇ। ਇਸ ਮਿਸ਼ਨ ਦਾ ਉਦੇਸ਼ ਬੁਨਿਆਦੀ ਪੱਧਰ 'ਤੇ ਪੜ੍ਹਨ, ਲਿਖਣ ਅਤੇ ਅੰਕਗਣਿਤ ਵਿੱਚ ਗ੍ਰੇਡ ਪੱਧਰ ਦੀਆਂ ਯੋਗਤਾਵਾਂ ਹਾਸਲ ਕਰਨਾ ਹੈ। ਇਸ ਬਾਰੇ ਦਿਸ਼ਾ-ਨਿਰਦੇਸ਼ ਇੱਥੇ ਉਪਲਬਧ ਹਨ: https://www.education.gov.in/sites/upload_files/mhrd/files/nipun_bharat_eng1.pdf

ਐਸ.ਐਮ.ਸੀ. ਮੈਂਬਰਾਂ ਨੂੰ ਪ੍ਰੋਗਰਾਮ ਦੇ ਰੋਜ਼ਾਨਾ ਪ੍ਰਬੰਧਨ ਦੀ ਨਿਗਰਾਨੀ ਕਰਕੇ, ਭੋਜਨ ਪਰੋਸਣ ਤੋਂ ਪਹਿਲਾਂ ਅਧਿਆਪਕਾਂ ਦੇ ਨਾਲ ਵਾਰੀ-ਵਾਰੀ ਭੋਜਨ ਚੱਖ ਕੇ ਗੁਣਵੱਤਾ ਨੂੰ ਯਕੀਨੀ ਬਣਾਉਂਦੇ ਹੋਏ ਪੀ ਐਮ ਪੋਸ਼ਣ ਅਭਿਆਨ ਦੇ ਲਾਗੂਕਰਨ ਦੀ ਸਰਗਰਮੀ ਨਾਲ ਨਿਗਰਾਨੀ ਕਰਨੀ ਚਾਹੀਦੀ ਹੈ। ਬੱਚਿਆਂ ਦੇ ਪੋਸ਼ਣ ਪੱਧਰ ਨੂੰ ਵਧਾਉਣ ਲਈ ਵਾਧੂ ਭੋਜਨ ਦੀ ਮਹੱਤਤਾ 'ਤੇ ਜ਼ੋਰ ਦੇਣ ਲਈ ਐਸ.ਐਮ.ਸੀ. ਮੀਟਿੰਗਾਂ ਦੌਰਾਨ 'ਤਿਥੀ ਭੋਜਨ' ਦੀ ਧਾਰਨਾ ਅਤੇ ਮਹੱਤਵ 'ਤੇ ਚਰਚਾ ਕੀਤੀ ਜਾ ਸਕਦੀ ਹੈ। ਤਿਥੀ ਭੋਜਨ ਇੱਕ ਭਾਈਚਾਰਕ ਭਾਗੀਦਾਰੀ ਪਹਿਲਕਦਮੀ ਹੈ ਜੋ ਲੋਕਾਂ ਨੂੰ ਭੋਜਨ ਪ੍ਰਦਾਨ ਕਰਨ ਦੀ ਭਾਰਤੀ ਰਵਾਇਤੀ ਪ੍ਰਥਾ 'ਤੇ ਅਧਾਰਿਤ ਹੈ। ਇਸ ਪਹਿਲਕਦਮੀ ਦੇ ਤਹਿਤ, ਭਾਈਚਾਰੇ ਦੇ ਮੈਂਬਰ ਖਾਸ ਮੌਕਿਆਂ/ਤਿਉਹਾਰਾਂ ਜਿਵੇਂ ਕਿ ਜਨਮਦਿਨ, ਵਰ੍ਹੇਗੰਢ, ਵਿਆਹ, ਵੱਖ-ਵੱਖ ਤਿਉਹਾਰਾਂ ਅਤੇ ਰਾਸ਼ਟਰੀ ਮਹੱਤਵ ਦੇ ਦਿਨਾਂ ਆਦਿ 'ਤੇ ਬੱਚਿਆਂ ਨੂੰ ਇੱਕ ਵਾਧੂ ਭੋਜਨ ਵਸਤੂ ਜਾਂ ਪੂਰੇ ਭੋਜਨ ਵਜੋਂ ਪੌਸ਼ਟਿਕ ਅਤੇ ਸਿਹਤਮੰਦ ਭੋਜਨ ਪ੍ਰਦਾਨ ਕਰਦੇ ਹਨ। ਮਾਪਿਆਂ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਸਥਾਨਕ ਭੋਜਨ-ਸੂਚੀ ਵਿੱਚ ਵਿਭਿੰਨਤਾ ਲਿਆਉਣ ਅਤੇ ਸ਼੍ਰਮ ਦਾਨ ਰਾਹੀਂ ਵਿਦਿਆਰਥੀਆਂ, ਐਸ.ਐਮ.ਸੀ. ਮੈਂਬਰਾਂ ਅਤੇ ਭਾਈਚਾਰਕ ਸਵੈ-ਸੇਵਕਾਂ ਦੀ ਭਾਗੀਦਾਰੀ ਨਾਲ ਸਕੂਲ ਪੋਸ਼ਣ (ਕਿਚਨ) ਬਗੀਚਿਆਂ ਦੇ ਵਿਕਾਸ ਅਤੇ ਰੱਖ-ਰਖਾਅ ਬਾਰੇ ਚਰਚਾਵਾਂ ਵਿੱਚ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਐਸ.ਐਮ.ਸੀ. ਦੁਆਰਾ ਸਿਹਤ ਅਧਿਕਾਰੀਆਂ ਦੇ ਤਾਲਮੇਲ ਨਾਲ ਸਮੇਂ-ਸਮੇਂ 'ਤੇ ਸਿਹਤ ਜਾਂਚ, ਸਵੱਛਤਾ ਸਬੰਧੀ ਬੈਠਕਾਂ ਅਤੇ ਪੋਸ਼ਣ ਜਾਗਰੂਕਤਾ ਗਤੀਵਿਧੀਆਂ ਦਾ ਆਯੋਜਨ ਕੀਤਾ ਜਾ ਸਕਦਾ ਹੈ।

viii. **ਬੁਨਿਆਦੀ ਢਾਂਚੇ ਅਤੇ ਸਹੂਲਤਾਂ ਦੀ ਨਿਗਰਾਨੀ:** ਭਾਈਚਾਰੇ ਦੇ ਮੈਂਬਰਾਂ ਅਤੇ ਸਥਾਨਕ ਅਧਿਕਾਰੀਆਂ ਦੇ ਸਹਿਯੋਗ ਨਾਲ, ਐਸ.ਐਮ.ਸੀ. ਮੈਂਬਰ ਵੱਖ-ਵੱਖ ਵਿਦਿਅਕ ਪਹਿਲਕਦਮੀਆਂ ਵਿੱਚ ਸਰਗਰਮੀ ਨਾਲ ਯੋਗਦਾਨ ਪਾ ਸਕਦੇ ਹਨ, ਜਿਸ ਵਿੱਚ ਐਨ.ਈ.ਪੀ. 2020 ਦੇ ਉਪਬੰਧਾਂ ਦੇ ਅਨੁਸਾਰ ਬਿਲਡਿੰਗ ਐਜ਼ ਲਰਨਿੰਗ ਏਡ (BaLA – Building as Learning Aid) ਪ੍ਰੋਗਰਾਮ, ਡਿਜੀਟਲ ਸਿੱਖਣ ਦੇ ਸਾਧਨਾਂ ਨੂੰ ਉਤਸ਼ਾਹਿਤ ਕਰਨਾ, ਵਿਗਿਆਨ ਪ੍ਰਯੋਗਸ਼ਾਲਾਵਾਂ ਦਾ ਸੁਧਾਰ, ਅਟਲ ਟਿੰਕਰਿੰਗ ਲੈਬਜ਼ (ATLs), STEM (ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ) ਲੈਬਾਂ, ਖੇਡਾਂ ਦਾ ਕਮਰਾ ਅਤੇ ਉਪਕਰਨ, ਸਕੂਲ ਵਿੱਚ ਲਾਇਬ੍ਰੇਰੀ ਅਤੇ ਗਤੀਵਿਧੀ-ਅਧਾਰਿਤ ਸਿੱਖਣ ਦੀਆਂ ਥਾਵਾਂ ਸ਼ਾਮਲ ਹਨ। ਉਹ ਨਿਯਮਤ ਦੇਖਭਾਲ ਅਤੇ ਮੁਰੰਮਤ ਦੁਆਰਾ ਸਕੂਲ ਨੂੰ ਸਾਫ਼-ਸੁਥਰਾ ਅਤੇ ਚੰਗੀ ਤਰ੍ਹਾਂ ਰੱਖ-ਰਖਾਅ ਵਾਲਾ ਬਣਾ ਕੇ ਬੱਚਿਆਂ ਦੇ ਅਨੁਕੂਲ ਸਿੱਖਣ ਦੇ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਵਿੱਚ ਵੀ ਸਹਾਇਤਾ ਕਰ ਸਕਦੇ ਹਨ। ਪੀਣ ਵਾਲੇ ਪਾਣੀ, ਸ਼ੌਚਾਲਿਆਂ, ਚਾਰਦੀਵਾਰੀ, ਪਹੁੰਚ ਸੜਕਾਂ, ਰੈਂਪ ਆਦਿ ਦੇ ਪ੍ਰਬੰਧ ਹੋਰ ਸਬੰਧਤ ਵਿਭਾਗਾਂ ਨਾਲ ਸਹਿਯੋਗ ਕਰਕੇ ਯਕੀਨੀ ਬਣਾਏ ਜਾ ਸਕਦੇ ਹਨ।

ix. **ਵਿੱਤੀ ਪ੍ਰਬੰਧਨ:** ਐਸ.ਐਮ.ਸੀ. ਫੰਡਾਂ ਦੇ ਉਚਿਤ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਸਕੂਲ ਦੇ ਬਜਟ ਦੀ ਸਮੀਖਿਆ ਕਰੇਗੀ, ਜਿਸ ਵਿੱਚ ਵਿੱਤ ਦੀ ਸੁਰੱਖਿਅਤ ਹਿਰਾਸਤ, ਖਰਚਿਆਂ 'ਤੇ ਉਚਿਤ ਨਿਯੰਤਰਣ, ਸਹੀ ਵਿਅਕਤੀਆਂ ਜਾਂ ਸੰਸਥਾਵਾਂ ਨੂੰ ਸਮੇਂ ਸਿਰ ਭੁਗਤਾਨ, ਅਤੇ ਵਿੱਤੀ ਰਿਕਾਰਡਾਂ ਦਾ ਸਹੀ ਰੱਖ-ਰਖਾਅ ਸ਼ਾਮਲ ਹੈ। ਕਮੇਟੀ ਸਕੂਲ ਦੀਆਂ ਪ੍ਰਾਪਤੀਆਂ ਅਤੇ ਖਰਚਿਆਂ ਦਾ ਸਾਲਾਨਾ ਵੇਰਵਾ ਤਿਆਰ ਕਰਨ ਵਿੱਚ ਸਹਾਇਤਾ ਕਰੇਗੀ ਅਤੇ ਇਹ ਯਕੀਨੀ ਬਣਾਏਗੀ ਕਿ ਕੋਈ ਵਿੱਤੀ ਬੇਨਿਯਮੀ ਨਾ ਹੋਵੇ।

ਐਸ.ਐਮ.ਸੀ. ਮੈਂਬਰ ਆਉਣ ਵਾਲੇ ਵਿੱਤੀ ਸਾਲ ਲਈ ਬਜਟ ਅਨੁਮਾਨ ਤਿਆਰ ਕਰਨ ਵਿੱਚ ਯੋਗਦਾਨ ਪਾਉਣਗੇ ਅਤੇ ਉਚਿਤ ਦਲੀਲਾਂ ਦੇ ਨਾਲ ਖਰਚੇ ਦੀਆਂ ਨਵੀਆਂ ਮੱਦਾਂ ਦੀ ਤਜਵੀਜ਼ ਪੇਸ਼ ਕਰ ਸਕਦੇ ਹਨ। ਕਮੇਟੀ ਕੋਲ ਪ੍ਰਿੰਸੀਪਲ/ਸਕੂਲ ਮੁਖੀ ਨੂੰ ਸੌਂਪੀਆਂ ਸ਼ਕਤੀਆਂ ਤੋਂ ਇਲਾਵਾ ਹੋਰ ਵਿੱਤੀ ਸ਼ਕਤੀਆਂ ਦੀ ਵਰਤੋਂ ਕਰਨ ਦਾ ਅਧਿਕਾਰ ਹੈ, ਬਸ਼ਰਤੇ ਕਿ ਅਜਿਹੀਆਂ ਕਾਰਵਾਈਆਂ ਪ੍ਰਵਾਨਿਤ ਬਜਟ ਉਪਬੰਧਾਂ ਦੇ ਦਾਇਰੇ ਵਿੱਚ ਹੋਣ।

x. **ਸਮਾਜਿਕ ਲੇਖਾ-ਪੜਤਾਲ ਅਤੇ ਨਿਗਰਾਨੀ ਵਿੱਚ ਸਹਾਇਤਾ ਕਰਨਾ:** ਸਕੂਲ ਪ੍ਰਬੰਧਕ ਕਮੇਟੀ (ਐਸ.ਐਮ.ਸੀ.) ਦੇ ਮੈਂਬਰ ਸਕੂਲੀ ਗਤੀਵਿਧੀਆਂ ਦੀ ਨਿਰੰਤਰ ਨਿਗਰਾਨੀ ਅਤੇ ਸਮਗਰ ਸਿੱਖਿਆ ਵਰਗੇ ਸਰਕਾਰੀ ਪ੍ਰੋਗਰਾਮਾਂ ਦੇ ਲਾਗੂਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਵਿੱਚ ਸਕੂਲ ਦੇ ਵਿਕਾਸ ਨੂੰ ਵਧਾਉਣ, ਵਿਦਿਆਰਥੀਆਂ ਦੇ ਦਾਖਲੇ ਅਤੇ ਸਕੂਲ ਵਿੱਚ ਟਿਕੇ ਰਹਿਣ ਨੂੰ ਬਿਹਤਰ ਬਣਾਉਣ ਅਤੇ ਸਕੂਲ ਛੱਡਣ ਦੀ ਦਰ ਨੂੰ ਘਟਾਉਣ ਲਈ ਪ੍ਰਭਾਵਸ਼ਾਲੀ ਯੋਜਨਾਬੰਦੀ, ਪ੍ਰਬੰਧਨ ਅਤੇ ਭਾਈਚਾਰਕ ਸ਼ਮੂਲੀਅਤ ਨੂੰ ਯਕੀਨੀ ਬਣਾਉਣਾ ਸ਼ਾਮਲ ਹੈ। ਸੋਸ਼ਲ ਲੇਖਾ-ਪੜਤਾਲ ਪ੍ਰਕਿਰਿਆ ਦੌਰਾਨ, ਐਸ.ਐਮ.ਸੀ. ਮੈਂਬਰਾਂ ਤੋਂ ਗ੍ਰਾਮ ਸਭਾ ਦੀਆਂ ਮੀਟਿੰਗਾਂ ਅਤੇ ਜਨਤਕ ਸੁਣਵਾਈਆਂ ਵਿੱਚ ਸਰਗਰਮੀ ਨਾਲ ਭਾਗ ਲੈਣ ਅਤੇ ਇਹ ਯਕੀਨੀ ਬਣਾਉਣ ਲਈ ਅਨੁਸਰਣ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਕਿ ਸਕੂਲ ਪੱਧਰ 'ਤੇ ਲੇਖਾ-ਪੜਤਾਲ ਦੇ ਨਤੀਜਿਆਂ 'ਤੇ ਕਾਰਵਾਈ ਕੀਤੀ ਜਾਵੇ।

xi. **ਭਾਈਚਾਰਕ ਭਾਗੀਦਾਰੀ ਅਤੇ ਸਰੋਤ ਜੁਟਾਉਣਾ:** ਐਸ.ਐਮ.ਸੀ. ਮਾਪਿਆਂ, ਸਾਬਕਾ ਵਿਦਿਆਰਥੀਆਂ, ਸਵੈ-ਸੇਵਕਾਂ, ਕਾਰਪੋਰੇਟ ਸੰਸਥਾਵਾਂ ਅਤੇ ਸਥਾਨਕ ਸੰਗਠਨਾਂ ਨੂੰ ਸਮਾਂ, ਮੁਹਾਰਤ ਅਤੇ ਸਰੋਤਾਂ ਦਾ ਯੋਗਦਾਨ ਪਾਉਣ ਲਈ ਜੋੜ ਕੇ ਭਾਈਚਾਰਕ ਭਾਗੀਦਾਰੀ ਅਤੇ ਰਣਨੀਤਕ ਸਰੋਤ ਜੁਟਾਉਣ ਦੇ ਇੱਕ ਸਹਿਯੋਗੀ ਪ੍ਰਣਾਲੀ ਰਾਹੀਂ ਸਕੂਲ ਦੀ ਨੁਹਾਰ ਬਦਲਣ ਦੀ ਕੋਸ਼ਿਸ਼ ਕਰੇਗੀ। ਸਰੋਤ ਜੁਟਾਉਣ ਦੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ, ਐਸ.ਐਮ.ਸੀ. ਨੂੰ ਸਕੂਲ ਦੇ ਬੁਨਿਆਦੀ ਢਾਂਚੇ ਦੇ ਸੁਧਾਰ, ਅਕਾਦਮਿਕ ਅਤੇ ਸਿੱਖਿਆ ਸ਼ਾਸਤਰੀ ਸਹਾਇਤਾ ਸਮੇਤ ਗੁਣਵੱਤਾ ਸੁਧਾਰ ਦੇ ਉਪਰਾਲਿਆਂ ਲਈ ਸਥਾਨਕ ਕੰਪਨੀਆਂ ਅਤੇ ਜਨਤਕ ਖੇਤਰ ਦੇ ਅਦਾਰਿਆਂ (PSUs) ਤੋਂ ਕਾਰਪੋਰੇਟ ਸਮਾਜਿਕ ਉੱਤਰਦਾਇਤਵ (CSR) ਫੰਡਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਐਸ.ਐਮ.ਸੀ. ਸਕੂਲਾਂ ਵਿੱਚ ਇਹਨਾਂ ਪਹਿਲਕਦਮੀਆਂ ਦੀ ਰਸਮੀ ਨਿਗਰਾਨੀ ਅਤੇ ਰਿਪੋਰਟਿੰਗ ਦੀ ਸਹੂਲਤ ਲਈ ਨਾਗਰਿਕ ਸਮਾਜ ਸੰਗਠਨਾਂ (CSOs) ਅਤੇ ਭਾਈਚਾਰਕ ਆਗੂਆਂ ਨੂੰ ਸ਼ਾਮਲ ਕਰੇਗੀ, ਤਾਂ ਜੋ ਸਾਰੇ ਭਾਈਵਾਲਾਂ ਲਈ ਲੰਬੇ ਸਮੇਂ ਦੇ ਪ੍ਰਭਾਵ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਇਆ ਜਾ ਸਕੇ। ਭਾਈਚਾਰੇ ਨੂੰ ਅਨਪੜ੍ਹ ਵਿਅਕਤੀਆਂ ਦੀ ਪਛਾਣ ਕਰਨ ਅਤੇ ਸਾਖਰਤਾ ਲਈ ਸਵੈ-ਸੇਵਕਾਂ ਨੂੰ ਲਾਮਬੰਦ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ।

ਸਮਾਜ ਵਿੱਚ ਸਾਰਿਆਂ ਲਈ ਜੀਵਨ ਭਰ ਸਿੱਖਣ ਦੀ ਸਮਝ (ULLAS[3]) (ਨਵ ਭਾਰਤ ਸਾਖਰਤਾ ਕਾਰਜਕ੍ਰਮ), ਜਿਸ ਨਾਲ ਸਿੱਖਿਆ ਵਿੱਚ ਭਾਈਚਾਰਕ ਮਲਕੀਅਤ ਅਤੇ ਸਮਾਜਿਕ ਜਵਾਬਦੇਹੀ ਨੂੰ ਮਜ਼ਬੂਤ ਕੀਤਾ ਜਾ ਸਕੇ।

ਸਥਾਨਕ ਨਿਵਾਸੀ, ਸਾਬਕਾ ਵਿਦਿਆਰਥੀ ਅਤੇ ਸੇਵਾਮੁਕਤ ਪੇਸ਼ੇਵਰ ਸਕੂਲਾਂ ਵਿੱਚ **ਮਾਰਗਦਰਸ਼ਕਾਂ ਅਤੇ ਸਵੈ-ਸੇਵਕਾਂ**ਵਜੋਂ **ਵਿਦਿਆਂਜਲੀ**[4]ਦੇ ਅਧੀਨ ਸਰਗਰਮ ਯੋਗਦਾਨ ਪਾ ਸਕਦੇ ਹਨ, ਜੋ ਵਿਦਿਆਰਥੀਆਂ ਨੂੰ ਅਨੁਭਵ-ਆਧਾਰਿਤ ਸੇਧ ਪ੍ਰਦਾਨ ਕਰਨਗੇ। ਐਸ.ਐਮ.ਸੀ. ਭਾਈਚਾਰਕ ਲਾਮਬੰਦੀ ਰਾਹੀਂ **ਵਿਦਿਆਂਜਲੀ**[4] **ਪਹਿਲਕਦਮੀ** (https://vidyanjali.education.gov.in) ਵਿੱਚ ਭਾਗੀਦਾਰੀ ਨੂੰ ਉਤਸ਼ਾਹਿਤ ਕਰੇਗੀ, ਜੋ ਸਵੈ-ਸੇਵਕਵਾਦ ਅਤੇ ਭਾਈਚਾਰਕ ਸਹਿਯੋਗ ਦੇ ਸੱਭਿਆਚਾਰ ਨੂੰ ਹੁਲਾਰਾ ਦੇਵੇਗੀ। ਇਹ ਸਿੱਖਣ ਦੇ ਤਜ਼ਰਬਿਆਂ ਨੂੰ ਅਮੀਰ ਬਣਾਉਣ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਸਹਾਇਕ ਹੋਵੇਗੀ।

xii. **ਸਕੂਲਾਂ ਵਿੱਚ ਬੱਚਿਆਂ ਦੀ ਸੁਰੱਖਿਆ, ਨਿਸ਼ਚਿੰਤਤਾ ਅਤੇ ਭਲਾਈ ਨੂੰ ਯਕੀਨੀ ਬਣਾਉਣਾ:** ਐਸ.ਐਮ.ਸੀ. ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰ ਸਕੂਲ ਸਾਰੇ ਬੱਚਿਆਂ ਲਈ ਇੱਕ ਸੁਰੱਖਿਅਤ,

[3] ਉੱਲਾਸ (ULLAS) ਭਾਰਤ ਦਾ ਪ੍ਰਮੁੱਖ ਪ੍ਰੋਗਰਾਮ ਹੈ, ਜੋ NEP 2020 ਤਹਿਤ ਸਕੂਲੋਂ ਵਾਂਝੇ 15+ ਸਾਲ ਦੇ ਬਾਲਗਾਂ ਨੂੰ ਸਾਖਰਤਾ, ਅੰਕ ਗਿਆਨ, ਡਿਜੀਟਲ ਅਤੇ ਜੀਵਨ ਹੁਨਰ ਸਿਖਾ ਕੇ ਸਸ਼ਕਤ ਬਣਾਉਣ ਲਈ ਵਾਲੰਟੀਅਰ-ਅਧਾਰਿਤ ਹਾਈਬ੍ਰਿਡ ਮਾਡਲ ਰਾਹੀਂ ਇੱਕ ਰਾਸ਼ਟਰੀ ਸਿੱਖਿਆ ਮੁਹਿੰਮ ਚਲਾਉਂਦਾ ਹੈ।

[4] ਵਿਦਿਆਂਜਲੀ ਇੱਕ ਵਿਸ਼ੇਸ਼ ਡਿਜੀਟਲ ਪਲੇਟਫਾਰਮ ਹੈ ਜੋ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਨੂੰ ਕਾਰਪੋਰੇਟ/ਪੀ ਐਸ ਯੂ ਇਕਾਈਆਂ ਤੋਂ ਸਵੈ-ਇੱਛਤ ਸੇਵਾਵਾਂ, ਸੰਪਤੀਆਂ, ਸੀ ਐਸ ਆਰ ਸਹਾਇਤਾ ਅਤੇ ਜਨਤਕ ਦਾਨ ਪਾਰਦਰਸ਼ੀ ਅਤੇ ਯੋਜਨਾਬੱਧ ਤਰੀਕੇ ਨਾਲ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ।

ਸਮਾਵੇਸ਼ੀ ਅਤੇ ਬਾਲ-ਅਨੁਕੂਲ ਵਾਤਾਵਰਣ ਪ੍ਰਦਾਨ ਕਰੇ। ਉਨ੍ਹਾਂ ਨੂੰ ਬਾਲ ਅਧਿਕਾਰਾਂ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ, ਜਿਸ ਵਿੱਚ ਸਰੀਰਕ ਜਾਂ ਮਾਨਸਿਕ ਪਰੇਸ਼ਾਨੀ, ਵਿਤਕਰੇ ਜਾਂ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਤੋਂ ਸਲਾਮਤੀ ਸ਼ਾਮਲ ਹੈ। ਸਕੂਲ ਸੁਰੱਖਿਆ ਪ੍ਰਣ, ਬੱਚਿਆਂ ਦੀ ਜਿਨਸੀ ਅਪਰਾਧਾਂ ਤੋਂ ਸੁਰੱਖਿਆ ਅਧਿਨਿਯਮ (POCSO Act) ਅਤੇ ਅੰਦਰੂਨੀ ਸ਼ਿਕਾਇਤ ਕਮੇਟੀ (ICC) ਨਾਲ ਸਬੰਧਤ ਜਾਣਕਾਰੀ ਸਕੂਲ ਵਿੱਚ ਸਪੱਸ਼ਟ ਰੂਪ ਵਿੱਚ ਪ੍ਰਦਰਸ਼ਿਤ ਕੀਤੀ ਜਾਣੀ ਚਾਹੀਦੀ ਹੈ।




ਐਸ.ਐਮ.ਸੀ. ਮੈਂਬਰਾਂ ਨੂੰ ਸਕੂਲ ਅਧਿਕਾਰੀਆਂ, ਅਧਿਆਪਕਾਂ ਅਤੇ ਮਾਪੇ-ਅਧਿਆਪਕ ਸੰਗਠਨਾਂ (PTA) ਨਾਲ ਨਿਯਮਤ ਮੀਟਿੰਗਾਂ ਰਾਹੀਂ ਸਕੂਲ ਸੁਰੱਖਿਆ ਅਤੇ ਸੁਰੱਖਿਆ ਯੋਜਨਾ ਤਿਆਰ ਕਰਨ ਅਤੇ ਉਸ ਦੀ ਸਮੀਖਿਆ ਕਰਨ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ। ਐਂਟੀ-ਬੁਲਿੰਗ ਅਤੇ ਬਾਲ ਜਿਨਸੀ ਸ਼ੋਸ਼ਣ (CSA) ਸ਼ਿਕਾਇਤ ਕਮੇਟੀਆਂ ਦੇ ਫੈਸਲਿਆਂ 'ਤੇ ਐਸ.ਐਮ.ਸੀ. ਦੀਆਂ ਮੀਟਿੰਗਾਂ ਵਿੱਚ ਚਰਚਾ ਹੋਣੀ ਚਾਹੀਦੀ ਹੈ। ਐਸ.ਐਮ.ਸੀ. ਮੈਂਬਰਾਂ ਸਮੇਤ ਇੱਕ ਸਕੂਲ ਸੁਰੱਖਿਆ ਕਮੇਟੀ ਨੂੰ ਹਰ ਤਿਮਾਹੀ ਵਿੱਚ ਸਕੂਲ ਦੀਆਂ ਇਮਾਰਤਾਂ ਦਾ 'ਸੁਰੱਖਿਆ ਨਿਰੀਖਣ (Safety walk)' ਕਰਨਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੁਰੱਖਿਆ ਦੇ ਸਾਰੇ ਮਿਆਰਾਂ ਦੀ ਪਾਲਣਾ ਕੀਤੀ ਜਾ ਰਹੀ ਹੈ।

ਐਸ.ਐਮ.ਸੀ. ਨੂੰ ਅਧਿਆਪਕਾਂ ਅਤੇ ਸਟਾਫ ਦੁਆਰਾ ਸਤਿਕਾਰਯੋਗ ਅਤੇ ਸਹਿਯੋਗੀ ਵਿਵਹਾਰ, ਬਾਲ-ਸੁਰੱਖਿਆ ਅਤੇ ਐਂਟੀ-ਬੁਲਿੰਗ ਨੀਤੀਆਂ ਦੇ ਪ੍ਰਭਾਵਸ਼ਾਲੀ ਲਾਗੂਕਰਨ, ਅਤੇ ਕੌਂਸਲਿੰਗ ਅਤੇ ਮਨੋ-ਸਮਾਜਿਕ ਸਹਾਇਤਾ ਤੱਕ ਪਹੁੰਚ ਯਕੀਨੀ ਬਣਾ ਕੇ ਵਿਦਿਆਰਥੀਆਂ ਦੀ ਮਾਨਸਿਕ ਅਤੇ ਭਾਵਨਾਤਮਕ ਤੰਦਰੁਸਤੀ ਨੂੰ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ, ਖਾਸ ਕਰਕੇ ਸਮਾਜਿਕ-ਆਰਥਿਕ ਤੌਰ 'ਤੇ ਪਛੜੇ ਸਮੂਹਾਂ (SEDGs) ਅਤੇ ਹੋਰ ਕਮਜ਼ੋਰ ਪਿਛੋਕੜ ਵਾਲੇ ਬੱਚਿਆਂ ਲਈ। ਕਮੇਟੀ ਨੂੰ ਹਰ ਬੱਚੇ ਦੇ ਸੁਰੱਖਿਅਤ ਅਤੇ ਸਹਾਇਕ ਵਾਤਾਵਰਣ ਦੇ ਅਧਿਕਾਰ ਦੀ ਰੱਖਿਆ ਕਰਨ ਲਈ ਭਾਈਚਾਰੇ ਅਤੇ ਸਕੂਲ ਦੇ ਵਿਚਕਾਰ ਇੱਕ ਕੜੀ ਵਜੋਂ ਕੰਮ ਕਰਨਾ ਚਾਹੀਦਾ ਹੈ। ਐਸ.ਐਮ.ਸੀ. ਕੁਦਰਤੀ ਆਫਤਾਂ, ਪ੍ਰਤੀਕੂਲ ਮੌਸਮ, ਅਸ਼ਾਂਤੀ ਜਾਂ ਹੋਰ ਅਪਾਤ ਸਥਿਤੀਆਂ ਕਾਰਨ ਸਕੂਲ ਬੰਦ ਹੋਣ ਦੀ ਸਥਿਤੀ ਵਿੱਚ ਸਿੱਖਿਆ ਮੰਤਰਾਲੇ ਦੀਆਂ 'ਸਕੂਲ ਬੰਦ ਹੋਣ ਦੌਰਾਨ ਅਤੇ ਉਸ ਤੋਂ ਬਾਅਦ ਘਰ-ਅਧਾਰਤ ਸਿਖਲਾਈ ਵਿੱਚ ਮਾਪਿਆਂ ਦੀ ਭਾਗੀਦਾਰੀ ਬਾਰੇ ਦਿਸ਼ਾ-ਨਿਰਦੇਸ਼ਾਂ' ਦੇ ਸੰਦਰਭ ਵਿੱਚ ਵਿਦਿਆਰਥੀਆਂ ਅਤੇ ਮਾਪਿਆਂ ਦੀ ਸਹਾਇਤਾ ਵੀ ਕਰ ਸਕਦੀ ਹੈ।

xiii. **ਸਕੂਲ ਬੁਨਿਆਦੀ ਢਾਂਚਾ ਸੁਰੱਖਿਆ ਅਤੇ ਆਫ਼ਤ ਪ੍ਰਬੰਧਨ ਤਿਆਰੀ:** ਸਕੂਲ ਦੀ ਸੁਰੱਖਿਆ ਨੂੰ ਹੋਰ ਯਕੀਨੀ ਬਣਾਉਣ ਲਈ, ਐਸ.ਐਮ.ਸੀ. ਨੂੰ ਬੁਨਿਆਦੀ ਢਾਂਚੇ ਦੀ ਸੁਰੱਖਿਆ ਅਤੇ ਆਫ਼ਤ ਪ੍ਰਬੰਧਨ ਤਿਆਰੀਆਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ। ਸੁਰੱਖਿਆ, ਸਫਾਈ ਅਤੇ ਕਾਰਜਸ਼ੀਲਤਾ ਨੂੰ ਯਕੀਨੀ ਬਣਾਉਣ ਲਈ ਇਸ ਨੂੰ ਨਿਯਮਿਤ ਤੌਰ 'ਤੇ ਸਕੂਲ ਦੀਆਂ ਇਮਾਰਤਾਂ, ਜਮਾਤਾਂ, ਪਾਣੀ ਅਤੇ ਸਵੱਛਤਾ ਸਹੂਲਤਾਂ, ਬਿਜਲੀ ਦੇ ਕੁਨੈਕਸ਼ਨਾਂ ਅਤੇ ਹੋਰ ਮਹੱਤਵਪੂਰਨ ਬੁਨਿਆਦੀ ਢਾਂਚੇ ਦੀ ਜਾਂਚ ਕਰਨੀ ਚਾਹੀਦੀ ਹੈ। ਕਮੇਟੀ ਨੂੰ ਇਹ ਤਸਦੀਕ ਕਰਨਾ ਚਾਹੀਦਾ ਹੈ ਕਿ ਸਕੂਲ ਕੋਲ ਇੱਕ ਕਾਰਜਸ਼ੀਲ ਆਫ਼ਤ ਪ੍ਰਬੰਧਨ ਯੋਜਨਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਲ ਵਿੱਚ ਘੱਟੋ-ਘੱਟ ਦੋ ਵਾਰ ਸੁਰੱਖਿਆ ਅਤੇ ਨਿਕਾਸੀ ਅਭਿਆਸ ਕਰਵਾਏ ਜਾਣ।

xiv. **ਹੋਸਟਲ ਪ੍ਰਬੰਧਨ:** ਜਿਨ੍ਹਾਂ ਸਕੂਲਾਂ ਵਿੱਚ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਿਆ (KGBVs)/ ਨੇਤਾਜੀ ਸੁਭਾਸ਼ ਚੰਦਰ ਬੋਸ ਰਿਹਾਇਸ਼ੀ ਹੋਸਟਲ (NSCB Hostels)/ਹੋਰ ਵਿਭਾਗਾਂ ਦੇ ਹੋਸਟਲ (PM JANMAN, DAJGUA, ਆਦਿ) ਸਕੂਲ ਦੇ ਨਾਲ ਜੁੜੇ ਹੋਏ ਹਨ ਜਾਂ ਇੱਕੋ ਕੈਂਪਸ ਵਿੱਚ ਹਨ, ਉੱਥੇ ਸਕੂਲ ਪ੍ਰਬੰਧਕ ਕਮੇਟੀ (ਐਸ.ਐਮ.ਸੀ.) ਨੂੰ ਇਹਨਾਂ ਹੋਸਟਲਾਂ ਦੀ ਹਾਲਤ ਅਤੇ ਗਤੀਵਿਧੀਆਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ। ਇਸ ਵਿੱਚ ਉਚਿਤ ਰੱਖ-ਰਖਾਅ, ਸਫਾਈ, ਸੁਰੱਖਿਆ, ਬਾਲ-ਅਨੁਕੂਲ ਸਹੂਲਤਾਂ ਅਤੇ ਨਿਰਧਾਰਤ ਨਿਯਮਾਂ ਤੇ ਮਾਪਦੰਡਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਸ਼ਾਮਲ ਹੈ।

xv. **ਵਾਤਾਵਰਣ ਪੱਖੀ ਅਤੇ ਹਰਿਆਵਲ ਭਰਪੂਰ ਅਭਿਆਸਾਂ ਨੂੰ ਉਤਸ਼ਾਹਿਤ ਕਰਨਾ:** ਐਸ.ਐਮ.ਸੀ. ਨੂੰ ਸਕੂਲਾਂ ਵਿੱਚ ਟਿਕਾਊ ਅਤੇ ਹਰਿਆਵਲ ਭਰਪੂਰ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ, ਜਿਵੇਂ ਕਿ 'ਇੱਕ ਪੇੜ ਮਾਂ ਕੇ ਨਾਮ' ਤਹਿਤ ਰੁੱਖ ਲਗਾਉਣਾ, ਪੋਸ਼ਣ (ਕਿਚਨ) ਗਾਰਡਨ ਸਥਾਪਤ ਕਰਨਾ ਅਤੇ ਉਸਦੀ ਸਾਂਭ-ਸੰਭਾਲ ਕਰਨਾ, ਕੂੜੇ ਦਾ ਨਿਪਟਾਰਾ ਕਰਨਾ, ਊਰਜਾ ਦੀ ਬਚਤ ਕਰਨਾ ਅਤੇ 'ਮਿਸ਼ਨ LiFE' (Mission LiFE) ਵਰਗੇ ਪ੍ਰੋਗਰਾਮਾਂ ਅਧੀਨ ਵਾਤਾਵਰਣ ਪੱਖੀ ਪਹਿਲਕਦਮੀਆਂ ਨੂੰ ਅਪਣਾਉਣਾ।

ਲੋੜ ਅਨੁਸਾਰ, ਉਪ-ਕਮੇਟੀਆਂ ਨੂੰ ਵੱਖ-ਵੱਖ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਸੌਂਪੀਆਂ ਜਾ ਸਕਦੀਆਂ ਹਨ। ਐਸ.ਐਮ.ਸੀ. ਦੀਆਂ ਕੁਝ ਹੋਰ ਵਾਧੂ ਜ਼ਿੰਮੇਵਾਰੀਆਂ **Annexure-I**ਵਿੱਚ ਦਿੱਤੀਆਂ ਗਈਆਂ ਹਨ।

## 4. ਸਕੂਲ ਵਿਕਾਸ ਯੋਜਨਾ (ਐਸ.ਡੀ.ਪੀ.)

ਸਕੂਲ ਨੂੰ ਥੋੜ੍ਹੇ ਸਮੇਂ ਅਤੇ ਲੰਬੇ ਸਮੇਂ ਦੇ ਐਸ.ਡੀ.ਪੀ. ਤਿਆਰ ਕਰਨੇ ਚਾਹੀਦੇ ਹਨ ਜਿਨ੍ਹਾਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਦਾਖਲੇ ਅਤੇ ਹਾਜ਼ਰੀ ਵਿੱਚ ਸੁਧਾਰ, ਅਧਿਆਪਕਾਂ/ਸਟਾਫ਼ ਦੀ ਕਾਰਗੁਜ਼ਾਰੀ, ਬਜਟ ਪ੍ਰਬੰਧਨ, ਸਹੂਲਤਾਂ ਅਤੇ ਬੁਨਿਆਦੀ ਢਾਂਚੇ (ਬੁਨਿਆਦੀ, ਅਰੰਭਿਕ, ਮਾਧਮਿਕ ਅਤੇ ਸੈਕੰਡਰੀ ਪੜਾਅ) ਆਦਿ ਵੱਲ ਧਿਆਨ ਦੇਣਾ ਹੋਣਾ ਚਾਹੀਦਾ ਹੈ।

i. ਐਸ.ਡੀ.ਪੀ. ਵਿਦਿਅਕ ਯੋਜਨਾਵਾਂ ਦਾ ਇੱਕ ਸੁਮੇਲ ਹੈ ਜੋ ਬੁਨਿਆਦੀ ਢਾਂਚੇ ਦੀ ਯੋਜਨਾ ਅਤੇ ਸਿੱਖਣ ਦੀਆਂ ਪ੍ਰਕਿਰਿਆਵਾਂ ਵਿੱਚ ਇਸਦੀ ਪ੍ਰਭਾਵਸ਼ਾਲੀ ਵਰਤੋਂ ਲਈ ਮਾਰਗਦਰਸ਼ਨ ਕਰਦਾ ਹੈ। ਐਸ.ਡੀ.ਪੀ. ਵਿੱਚ ਸਕੂਲ ਦੇ ਵਿਦਿਅਕ ਦ੍ਰਿਸ਼ਟੀਕੋਣ ਅਤੇ ਇਸਨੂੰ ਪ੍ਰਾਪਤ ਕਰਨ ਦੇ ਤਰੀਕਿਆਂ ਦੀ ਝਲਕ ਹੋਣੀ ਚਾਹੀਦੀ ਹੈ। ਇਹ ਸਕੂਲ ਦੇ ਵਿਦਿਅਕ ਵਿਕਾਸ ਦੇ ਨਾਲ-ਨਾਲ ਬੁਨਿਆਦੀ ਢਾਂਚੇ ਦੇ ਕੰਮ ਅਤੇ ਪੜਾਅਵਾਰ ਵਿਕਾਸ ਲਈ ਇੱਕ ਮਾਸਟਰ ਪਲਾਨ ਅਤੇ ਅਧਾਰ ਦਸਤਾਵੇਜ਼ ਹੈ। ਯੋਜਨਾਬੰਦੀ ਨੂੰ ਇੱਕ ਵਾਰ ਦੀ ਗਤੀਵਿਧੀ ਦੀ ਬਜਾਏ ਇੱਕ ਨਿਰੰਤਰ ਪ੍ਰਕਿਰਿਆ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਐਸ.ਐਮ.ਸੀ. ਦੁਆਰਾ ਤਿਆਰ ਕੀਤੇ ਗਏ ਐਸ.ਡੀ.ਪੀ. ਵਿੱਚ ਉਹ ਤਰੀਕਾ ਸ਼ਾਮਲ ਹੋਣਾ ਚਾਹੀਦਾ ਹੈ ਜਿਸ ਰਾਹੀਂ ਸਕੂਲ ਵਿੱਚ ਰੁਕਾਵਟ ਰਹਿਤ ਬੁਨਿਆਦੀ ਢਾਂਚਾ, ਸਕੂਲ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਨ ਅਤੇ ਹਾਜ਼ਰੀ ਨੂੰ ਉਤਸ਼ਾਹਿਤ ਕਰਨ ਲਈ ਲੋੜੀਂਦੀਆਂ ਸਹੂਲਤਾਂ ਦੀ ਉਪਲਬਧਤਾ ਵਰਗੀਆਂ ਸਾਰੀਆਂ ਸਹੂਲਤਾਂ ਮੌਜੂਦ ਹੋਣ।

> **ਸਕੂਲ ਵਿਕਾਸ ਯੋਜਨਾ (ਐਸ.ਡੀ.ਪੀ.) ਇੱਕ ਰਣਨੀਤਿਕ ਯੋਜਨਾ ਦਸਤਾਵੇਜ਼ ਹੈ, ਜੋ ਤਿੰਨ ਸਾਲਾਂ ਦੀ ਮਿਆਦ ਦੌਰਾਨ ਸਕੂਲ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਸ਼ਾਮਲ ਕਰਦਾ ਹੈ। ਇਹ ਇੱਕ ਮਾਰਗ-ਨਕਸ਼ਾ ਹੈ ਜੋ ਇਹ ਦਰਸਾਉਂਦਾ ਹੈ ਕਿ ਵਿਦਿਆਰਥੀਆਂ ਦੀ ਪ੍ਰਾਪਤੀ ਦੇ ਪੱਧਰ ਨੂੰ ਸੁਧਾਰਨ ਲਈ ਸਕੂਲ ਵੱਲੋਂ ਕਿਹੜੀਆਂ ਲੋੜੀਂਦੀਆਂ ਤਬਦੀਲੀਆਂ ਕੀਤੀਆਂ ਜਾਣੀਆਂ ਹਨ, ਅਤੇ ਇਹ ਵੀ ਦੱਸਦਾ ਹੈ ਕਿ ਇਹ ਤਬਦੀਲੀਆਂ ਕਿਵੇਂ ਅਤੇ ਕਦੋਂ ਲਾਗੂ ਕੀਤੀਆਂ ਜਾਣਗੀਆਂ।**

ii. ਅਕਾਦਮਿਕ ਗਤੀਵਿਧੀਆਂ ਵਿੱਚ ਸਿੱਖਣ ਦੇ ਨਤੀਜਿਆਂ ਅਤੇ ਸਿੱਖਿਆ ਦੀ ਸਮੁੱਚੀ ਗੁਣਵੱਤਾ ਵਿੱਚ ਸੁਧਾਰ ਨੂੰ ਤਰਜੀਹ ਦਿੱਤੀ ਜਾਵੇਗੀ, ਜਿਸ ਵਿੱਚ ਬੁਨਿਆਦੀ ਸਿੱਖਿਆ, ਯੋਗਤਾ-ਅਧਾਰਤ ਸਿੱਖਿਆ ਅਤੇ ਸਿੱਖਿਆਰਥੀਆਂ ਦੇ ਸਰਵਪੱਖੀ ਵਿਕਾਸ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਹਨਾਂ ਗਤੀਵਿਧੀਆਂ ਨੂੰ ਐਸ.ਡੀ.ਪੀ. ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਅਤੇ ਨਿਪੁਣ (NIPUN) ਭਾਰਤ ਮਿਸ਼ਨ, ਹੁਨਰ

ਸਿੱਖਿਆ ਪਹਿਲਕਦਮੀਆਂ ਅਤੇ 10 ਬਸਤਾ-ਮੁਕਤ ਦਿਨਾਂ ਦੇ ਟੀਚਿਆਂ ਨਾਲ ਜੋੜਿਆ ਜਾਣਾ ਚਾਹੀਦਾ ਹੈ, ਜਿਸ ਨਾਲ ਇੱਕ ਵਿਆਪਕ ਸਿੱਖਣ ਪ੍ਰਣਾਲੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

iii. ਐਸ.ਐਮ.ਸੀ. ਪਿਛਲੇ ਐਸ.ਡੀ.ਪੀ. ਦੇ ਨਤੀਜਿਆਂ ਦਾ ਮੁਲਾਂਕਣ ਕਰਨ ਅਤੇ ਲੋੜਾਂ ਦੇ ਪੁਨਰ-ਮੁਲਾਂਕਣ ਤੋਂ ਬਾਅਦ, ਪਿਛਲੇ ਐਸ.ਡੀ.ਪੀ. ਦੀ ਮਿਆਦ ਖਤਮ ਹੋਣ ਦੇ ਤਿੰਨ ਮਹੀਨਿਆਂ ਦੇ ਅੰਦਰ ਨਵਾਂ ਐਸ.ਡੀ.ਪੀ. ਤਿਆਰ ਕਰੇਗੀ। **ਐਸ.ਡੀ.ਪੀ. ਇੱਕ ਤਿੰਨ ਸਾਲਾ ਯੋਜਨਾ ਹੋਵੇਗੀ ਜਿਸ ਵਿੱਚ ਤਿੰਨ ਸਾਲਾਨਾ ਉਪ-ਯੋਜਨਾਵਾਂ ਸ਼ਾਮਲ ਹੋਣਗੀਆਂ।** ਐਸ.ਡੀ.ਪੀ. ਵਿੱਚ ਹੇਠ ਲਿਖੇ ਵੇਰਵੇ ਸ਼ਾਮਲ ਹੋਣਗੇ –

(a) ਹਰੇਕ ਸਾਲ ਲਈ ਸ਼੍ਰੇਣੀ-ਵਾਰ ਦਾਖਲੇ ਦੇ ਅਨੁਮਾਨ;

(b) ਨਿਰਧਾਰਤ ਨਿਯਮਾਂ ਦੇ ਸੰਦਰਭ ਵਿੱਚ ਗਣਨਾ ਕੀਤੀ ਗਈ, ਸਕੂਲੀ ਸਿੱਖਿਆ ਦੇ ਸਾਰੇ ਪੱਧਰਾਂ ਲਈ ਵੱਖਰੇ ਤੌਰ 'ਤੇ, ਮੁੱਖ ਅਧਿਆਪਕਾਂ, ਵਿਸ਼ਾ ਅਧਿਆਪਕਾਂ ਅਤੇ ਪਾਰਟ-ਟਾਈਮ ਅਧਿਆਪਕਾਂ ਸਮੇਤ, ਤਿੰਨ ਸਾਲਾਂ ਦੀ ਮਿਆਦ ਵਿੱਚ ਲੋੜੀਂਦੇ ਵਾਧੂ ਅਧਿਆਪਕਾਂ ਦੀ ਗਿਣਤੀ।

(c) ਨਿਰਧਾਰਤ ਨਿਯਮਾਂ ਅਤੇ ਮਿਆਰਾਂ ਦੇ ਸੰਦਰਭ ਵਿੱਚ ਗਣਨਾ ਕੀਤੀ ਗਈ, ਤਿੰਨ ਸਾਲਾਂ ਦੀ ਮਿਆਦ ਵਿੱਚ ਵਾਧੂ ਬੁਨਿਆਦੀ ਢਾਂਚੇ ਅਤੇ ਸਾਜ਼ੋ-ਸਾਮਾਨ ਦੀ ਭੌਤਿਕ ਲੋੜ।

(d) ਉਪਰੋਕਤ (b) ਅਤੇ (c) ਦੇ ਸਬੰਧ ਵਿੱਚ, ਸਾਲਵਾਰ, ਤਿੰਨ ਸਾਲਾਂ ਦੀ ਮਿਆਦ ਲਈ ਵਾਧੂ ਵਿੱਤੀ ਲੋੜ, ਜਿਸ ਵਿੱਚ ਵਿਸ਼ੇਸ਼ ਸਿਖਲਾਈ ਸਹੂਲਤ ਪ੍ਰਦਾਨ ਕਰਨ ਲਈ ਵਾਧੂ ਲੋੜਾਂ, ਬੱਚਿਆਂ ਦੇ ਹੱਕ ਜਿਵੇਂ ਕਿ ਮੁਫ਼ਤ ਪਾਠ ਪੁਸਤਕਾਂ ਅਤੇ ਵਰਦੀਆਂ, ਅਤੇ ਸਕੂਲ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਕੋਈ ਹੋਰ ਵਾਧੂ ਵਿੱਤੀ ਲੋੜ ਸ਼ਾਮਲ ਹੈ।

iv. ਐਸ.ਡੀ.ਪੀ. 'ਤੇ ਪ੍ਰਧਾਨ/ਉਪ-ਪ੍ਰਧਾਨ ਅਤੇ ਮੈਂਬਰ ਸਕੱਤਰ ਦੁਆਰਾ ਹਸਤਾਖਰ ਕੀਤੇ ਜਾਣੇ ਚਾਹੀਦੇ ਹਨ ਅਤੇ ਜਿਸ ਵਿੱਤੀ ਸਾਲ ਵਿੱਚ ਇਸ ਨੂੰ ਤਿਆਰ ਕੀਤਾ ਜਾਣਾ ਹੈ, ਉਸ ਦੇ ਖਤਮ ਹੋਣ ਤੋਂ ਪਹਿਲਾਂ ਸਥਾਨਕ ਅਥਾਰਟੀ ਨੂੰ ਸੌਂਪਿਆ ਜਾਣਾ ਚਾਹੀਦਾ ਹੈ।

v. ਸਾਰੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਾਰੇ ਸਕੂਲਾਂ/ਸਕੂਲ ਸਮੂਹਾਂ ਦੀਆਂ ਐਸ.ਡੀ.ਪੀ. ਜਨਤਕ ਹੋਣਗੀਆਂ। ਐਸ.ਐਮ.ਸੀ. ਸਕੂਲ ਦੇ ਕੰਮਕਾਜ ਅਤੇ ਦਿਸ਼ਾ ਦੀ ਨਿਗਰਾਨੀ ਲਈ ਐਸ.ਡੀ.ਪੀ. ਦੀ ਵਰਤੋਂ ਕਰੇਗੀ ਅਤੇ ਇਹਨਾਂ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਸਹਾਇਤਾ ਕਰੇਗੀ। ਐਸ.ਡੀ.ਪੀ. ਲਈ ਵਿਸਤ੍ਰਿਤ ਮਾਰਗਦਰਸ਼ਕ ਸਿਧਾਂਤ **ਅਨੁਲੱਗ**-IIਵਿੱਚ ਸ਼ਾਮਲ ਹਨ।

vi. ਹਰ ਸਾਲ ਦੀਆਂ ਉਪ-ਯੋਜਨਾਵਾਂ ਦੀ ਮਾਰਚ ਦੇ ਅੰਤ ਤੱਕ ਸਾਲਾਨਾ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ।




**ਸਕੂਲ ਵਿਕਾਸ ਯੋਜਨਾ ਤਿਆਰ ਕਰਨ ਦੇ ਪੜਾਅ**

## 5. ਮੀਟਿੰਗਾਂ ਅਤੇ ਪ੍ਰਕਿਰਿਆਵਾਂ

ਐਸ.ਐਮ.ਸੀ. ਦੇ ਪ੍ਰਭਾਵਸ਼ਾਲੀ ਕੰਮਕਾਜ ਲਈ ਨਿਯਮਤ ਅਤੇ ਸੁਚੱਜੇ ਢੰਗ ਨਾਲ ਆਯੋਜਿਤ ਮੀਟਿੰਗਾਂ ਬਹੁਤ ਜ਼ਰੂਰੀ ਹਨ। ਮੀਟਿੰਗਾਂ ਹਰ ਮਹੀਨੇ ਘੱਟੋ-ਘੱਟ ਇੱਕ ਵਾਰ ਹੋਣੀਆਂ ਚਾਹੀਦੀਆਂ ਹਨ। ਮੀਟਿੰਗ ਦੌਰਾਨ ਕਿਸੇ ਵੀ ਫੈਸਲੇ ਨੂੰ ਜਾਇਜ਼ ਮੰਨਣ ਲਈ ਕੋਰਮ ਵਜੋਂ ਘੱਟੋ-ਘੱਟ **50% ਕਮੇਟੀ ਮੈਂਬਰਾਂ** ਦੀ ਮੌਜੂਦਗੀ ਲਾਜ਼ਮੀ ਹੋਣੀ ਚਾਹੀਦੀ ਹੈ।

ਹਰੇਕ ਸਕੂਲ ਰਾਜ, ਜ਼ਿਲ੍ਹਾ ਜਾਂ ਬਲਾਕ ਪੱਧਰ ਦੇ ਅਧਿਕਾਰੀਆਂ ਦੁਆਰਾ ਜਾਰੀ ਨਿਰਦੇਸ਼ਾਂ ਅਨੁਸਾਰ ਜਾਂ ਸਬੰਧਤ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੀਆਂ ਸਰਕਾਰਾਂ ਦੇ ਹੁਕਮਾਂ ਅਨੁਸਾਰ ਮੀਟਿੰਗਾਂ ਕਰੇਗਾ, ਇਹ ਯਕੀਨੀ ਬਣਾਉਂਦੇ ਹੋਏ ਕਿ ਸਾਰੇ ਮੈਂਬਰਾਂ ਨੂੰ ਸਮੇਂ ਸਿਰ ਸੂਚਨਾ ਮਿਲੇ ਅਤੇ ਉਹ ਪੂਰੀ ਤਰ੍ਹਾਂ ਹਿੱਸਾ ਲੈ ਸਕਣ। ਮੀਟਿੰਗਾਂ ਸਕੂਲ ਦੀ ਪ੍ਰਗਤੀ ਦੀ ਸਮੀਖਿਆ ਕਰਨ ਅਤੇ ਚੁਣੌਤੀਆਂ ਨੂੰ ਹੱਲ ਕਰਨ ਲਈ ਇੱਕ ਖੁੱਲ੍ਹੇ ਮੰਚ ਵਜੋਂ ਕੰਮ ਕਰਨੀਆਂ ਚਾਹੀਦੀਆਂ ਹਨ।

**ਪਾਰਦਰਸ਼ਤਾ ਯਕੀਨੀ ਬਣਾਉਣ ਲਈ ਸਾਰੀਆਂ ਮੀਟਿੰਗਾਂ ਦੀ ਕਾਰਵਾਈ ਨੂੰ ਸਹੀ ਢੰਗ ਨਾਲ ਰਿਕਾਰਡ ਕੀਤਾ ਜਾਣਾ ਚਾਹੀਦਾ ਹੈ, ਕਮੇਟੀ ਮੈਂਬਰਾਂ ਦੁਆਰਾ ਪ੍ਰਵਾਨਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਸਕੂਲ ਦੇ ਨੋਟਿਸ ਬੋਰਡ 'ਤੇ ਜਾਂ ਡਿਜੀਟਲ ਰੂਪ ਵਿੱਚ (ਜਿੱਥੇ ਉਪਲਬਧ ਹੋਵੇ) ਜਨਤਕ ਤੌਰ 'ਤੇ ਪ੍ਰਦਰਸ਼ਿਤ ਕੀਤਾ ਜਾਣਾ ਚਾਹੀਦਾ ਹੈ।**

ਸਕੂਲ ਸੁਧਾਰ ਲਈ ਫੀਡਬੈਕ, ਮਾਪਿਆਂ ਦੀ ਸ਼ਮੂਲੀਅਤ ਅਤੇ ਸਾਂਝੀ ਕਾਰਵਾਈ ਨੂੰ ਵਧਾਉਣ ਲਈ, ਮਾਪੇ-ਅਧਿਆਪਕ ਐਸੋਸੀਏਸ਼ਨਾਂ (PTAs) ਨੂੰ ਐਸ.ਐਮ.ਸੀ. ਦੇ ਕੰਮਕਾਜ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਸਕੂਲ ਦੇ ਕੰਮਕਾਜ, ਅਧਿਆਪਨ-ਸਿੱਖਣ ਸਮੱਗਰੀ ਦੀ ਗੁਣਵੱਤਾ ਅਤੇ ਬਾਲ ਸੁਰੱਖਿਆ ਬਾਰੇ ਭਾਈਚਾਰਕ ਸੁਝਾਅ ਲੈਣ ਲਈ ਹਰ ਸਕੂਲ ਵਿੱਚ ਸੁਝਾਅ-ਪੇਟੀਆਂ ਜਾਂ ਪ੍ਰਤੀਕਿਰਿਆ ਰਜਿਸਟਰ ਰੱਖੇ ਜਾਣਗੇ। ਐਸ.ਐਮ.ਸੀ. ਹਰ ਤਿਮਾਹੀ ਵਿੱਚ ਫੀਡਬੈਕ ਦੀ ਸਮੀਖਿਆ ਕਰੇਗੀ ਅਤੇ ਮੀਟਿੰਗ ਦੀ ਕਾਰਵਾਈ ਵਿੱਚ ਮੁੱਖ ਨੁਕਤਿਆਂ ਨੂੰ ਸ਼ਾਮਲ ਕਰੇਗੀ।

## 6. ਸਮਰੱਥਾ ਨਿਰਮਾਣ ਅਤੇ ਸਿਖਲਾਈ

i. ਵਿਦਿਆਰਥੀਆਂ ਦੀ ਸਹਾਇਤਾ, ਖਾਸ ਕਰਕੇ ਦਾਖਲੇ, ਹਾਜ਼ਰੀ ਅਤੇ ਅਕਾਦਮਿਕ ਪ੍ਰਦਰਸ਼ਨ ਦੇ ਖੇਤਰਾਂ ਵਿੱਚ ਵਾਧਾ ਕਰਨ ਦੇ ਨਾਲ-ਨਾਲ ਪ੍ਰਸ਼ਾਸਨ, ਨਿਗਰਾਨੀ ਅਤੇ ਸਥਾਨਕ ਹਿੱਸੇਦਾਰਾਂ ਦੀ ਅਗਵਾਈ ਵਾਲੀਆਂ ਪਹਿਲਕਦਮੀਆਂ ਵਿੱਚ ਸੁਧਾਰ ਕਰਨ ਲਈ, ਸਕੂਲ ਪ੍ਰਬੰਧਨ ਕਮੇਟੀਆਂ (ਐਸ.ਐਮ.ਸੀ.) ਦੀ ਸਮਰੱਥਾ ਦਾ ਯੋਜਨਾਬੱਧ ਢੰਗ ਨਾਲ ਵਿਕਾਸ ਕੀਤਾ ਜਾਣਾ ਚਾਹੀਦਾ ਹੈ। ਐਸ.ਐਮ.ਸੀਜ਼. ਦਾ ਪ੍ਰਭਾਵਸ਼ਾਲੀ ਕੰਮਕਾਜ ਉਹਨਾਂ ਦੇ ਮੈਂਬਰਾਂ ਦੇ ਗਿਆਨ, ਪ੍ਰੇਰਣਾ ਅਤੇ ਹੁਨਰ 'ਤੇ ਨਿਰਭਰ ਕਰਦਾ ਹੈ। ਇਸ ਲਈ, ਨਿਯਮਤ ਸਮਰੱਥਾ-ਨਿਰਮਾਣ ਯਤਨ ਅਤੇ ਓਰੀਐਂਟੇਸ਼ਨ ਪ੍ਰੋਗਰਾਮ ਜ਼ਰੂਰੀ ਹਨ।

ii. ਸਾਰੀਆਂ ਐਸ.ਐਮ.ਸੀ. ਕਮੇਟੀਆਂ ਦੇ ਗਠਨ ਜਾਂ ਪੁਨਰਗਠਨ ਦੇ ਇੱਕ ਮਹੀਨੇ ਦੇ ਅੰਦਰ ਸਾਰੇ ਮੈਂਬਰਾਂ ਲਈ ਸਾਲਾਨਾ ਸਿਖਲਾਈ ਅਤੇ ਓਰੀਐਂਟੇਸ਼ਨ ਪ੍ਰੋਗਰਾਮ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ। ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ ਲਈ ਇਹ ਪ੍ਰੋਗਰਾਮ ਤਰਜੀਹੀ ਤੌਰ 'ਤੇ ਸਥਾਨਕ ਖੇਤਰਾਂ ਅਤੇ ਸਥਾਨਕ ਭਾਸ਼ਾ ਵਿੱਚ ਹੋਣੇ ਚਾਹੀਦੇ ਹਨ। ਸਿਖਲਾਈ ਦੀ ਸਮੱਗਰੀ ਵਿੱਚ ਸਥਾਨਕ ਲੋੜਾਂ ਅਨੁਸਾਰ ਕਈ ਵਿਸ਼ੇ ਸ਼ਾਮਲ ਹੋ ਸਕਦੇ ਹਨ, ਜਿਵੇਂ ਕਿ:
   - (a) ਨਿਆਂਪੂਰਨ ਅਤੇ ਗੁਣਾਤਮਕ ਸਿੱਖਿਆ ਨੂੰ ਉਤਸ਼ਾਹਿਤ ਕਰਨ ਨਾਲ ਸਬੰਧਤ ਉਪਬੰਧ
   - (b) ਸਕੂਲ ਵਿਕਾਸ ਯੋਜਨਾਵਾਂ (ਐਸ.ਡੀ.ਪੀਜ਼) ਦੀ ਤਿਆਰੀ ਅਤੇ ਲਾਗੂਕਰਨ
   - (c) ਅਕਾਦਮਿਕ ਨਿਗਰਾਨੀ ਅਤੇ ਸਕੂਲੀ ਪ੍ਰਦਰਸ਼ਨ ਵਿੱਚ ਸੁਧਾਰ
   - (d) ਵਿੱਤੀ ਪ੍ਰਬੰਧਨ ਅਤੇ ਸਮਾਜਿਕ ਲੇਖਾ-ਪੜਤਾਲ
   - (e) ਸਮਾਵੇਸ਼ੀ ਸਿੱਖਿਆ ਅਭਿਆਸ
   - (f) ਰਾਸ਼ਟਰੀ ਸਿੱਖਿਆ ਨੀਤੀ (ਐਨ.ਈ.ਪੀ.), 2020 ਵਿੱਚ ਦਰਸਾਈਆਂ ਗਈਆਂ ਮੁੱਖ ਤਰਜੀਹਾਂ
   - (g) ਡਿਜੀਟਲ ਸਾਖਰਤਾ ਅਤੇ ਵਿਦਿਅਕ ਤਕਨਾਲੋਜੀ ਦੀ ਵਰਤੋਂ

(h) ਸਕੂਲੀ ਸੁਰੱਖਿਆ ਅਤੇ ਵਿਦਿਆਰਥੀਆਂ ਦੀ ਭਲਾਈ

iii. ਟੀਮ ਮੈਂਬਰਾਂ ਦਾ ਓਰੀਐਂਟੇਸ਼ਨ (ਸਿਖਲਾਈ ਪ੍ਰੋਗਰਾਮ) ਤਰਜੀਹੀ ਤੌਰ 'ਤੇ ਪ੍ਰਤੱਖ ਰੂਪ ਵਿੱਚ ਕਰਵਾਇਆ ਜਾਵੇ। ਲੋੜ ਅਨੁਸਾਰ, ਬਾਅਦ ਵਿੱਚ ਇਸਨੂੰ ਦੋਵੇਂ ਮਿਸ਼ਰਿਤ ਰੂਪਾਂ (ਆਨਲਾਈਨ ਅਤੇ ਆਫਲਾਈਨ) ਵਿੱਚ ਚਲਾਇਆ ਜਾ ਸਕਦਾ ਹੈ। ਸਥਾਨਕ ਮਾਹਿਰਾਂ ਅਤੇ ਸਿੱਖਿਆ ਸ਼ਾਸਤਰੀਆਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਜੋ ਸਥਾਨਕ ਸੰਦਰਭਾਂ ਨੂੰ ਸਭ ਤੋਂ ਵਧੀਆ ਸਮਝਦੇ ਹਨ। ਸਫਲਤਾਪੂਰਵਕ ਮੁਕੰਮਲ ਹੋਣ 'ਤੇ ਪ੍ਰਮਾਣ ਪੱਤਰ ਦੇਣ ਦੇ ਪ੍ਰਬੰਧ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ।

iv. ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਵਲੰਟੀਅਰਿੰਗ, ਸਾਖਰਤਾ ਗਤੀਵਿਧੀਆਂ, ਜਾਂ ਮਿਸ਼ਰਿਤ ਸਿਖਲਾਈ ਮਾਡਿਊਲ, ਰਿਫਰੈਸ਼ਰ ਸਿਖਲਾਈ ਅਤੇ ਸਾਥੀਆਂ ਤੋਂ ਸਿੱਖਣ ਦੇ ਮੌਕੇ ਪ੍ਰਦਾਨ ਕਰਨ ਲਈ ਨੈਸ਼ਨਲ ਇਨੀਸ਼ੀਏਟਿਵ ਫਾਰ ਸਕੂਲ ਹੈੱਡਸ ਐਂਡ ਟੀਚਰਸ ਹੋਲਿਸਟਿਕ ਐਡਵਾਂਸਮੈਂਟ (NISHTHA), ਡਿਜੀਟਲ ਇਨਫਰਾਸਟ੍ਰਕਚਰ ਫਾਰ ਨੌਲੇਜ ਸ਼ੇਅਰਿੰਗ (DIKSHA) ਅਤੇ ULLAS ਵਰਗੇ ਰਾਸ਼ਟਰੀ ਡਿਜੀਟਲ ਪਲੇਟਫਾਰਮਾਂ ਦਾ ਲਾਭ ਉਠਾਉਣ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਕਿਸੇ ਵੀ ਮੌਜੂਦਾ ਮਾਡਿਊਲ ਦੀ ਵਰਤੋਂ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦੁਆਰਾ ਲੋੜੀਂਦੀਆਂ ਸੋਧਾਂ ਨਾਲ ਕੀਤੀ ਜਾ ਸਕਦੀ ਹੈ। ਸਾਲਾਨਾ ਸਿਖਲਾਈ ਤੋਂ ਇਲਾਵਾ, ਰਾਜ/ਕੇਂਦਰ ਸ਼ਾਸਤ ਪ੍ਰਦੇਸ਼ ਐਸ.ਐਮ.ਸੀ. ਮੈਂਬਰਾਂ ਵਿਚਕਾਰ ਸਾਥੀਆਂ ਤੋਂ ਸਿੱਖਣ ਜਾਂ ਮਾਰਗਦਰਸ਼ਨ ਸੈਸ਼ਨਾਂ ਦਾ ਆਯੋਜਨ ਕਰ ਸਕਦੇ ਹਨ ਜਿੱਥੇ ਤਜਰਬੇਕਾਰ ਮੈਂਬਰ ਨਵੀਆਂ ਕਮੇਟੀਆਂ ਨਾਲ ਚੰਗੇ ਅਭਿਆਸ ਸਾਂਝੇ ਕਰਦੇ ਹਨ।

## 7. ਵਿੱਤੀ ਪ੍ਰਬੰਧਨ ਅਤੇ ਸਮਾਜਿਕ ਲੇਖਾ-ਪੜਤਾਲ

i. ਪਾਰਦਰਸ਼ੀ ਅਤੇ ਜਵਾਬਦੇਹ ਵਿੱਤੀ ਪ੍ਰਬੰਧਨ ਐਸ.ਐਮ.ਸੀ. ਦੀ ਇੱਕ ਮੌਲਿਕ ਜ਼ਿੰਮੇਵਾਰੀ ਹੈ। ਆਪਣੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਪ੍ਰਾਪਤ ਕੀਤੇ ਸਾਰੇ ਫੰਡਾਂ ਨੂੰ ਇੱਕ ਵੱਖਰੇ ਸਾਂਝੇ ਬੈਂਕ ਖਾਤੇ ਵਿੱਚ ਰੱਖਿਆ ਜਾਣਾ ਚਾਹੀਦਾ ਹੈ, ਜੋ ਕਿ ਪ੍ਰਧਾਨ ਅਤੇ ਮੈਂਬਰ ਸਕੱਤਰ ਦੇ ਨਾਮ 'ਤੇ ਹੋਵੇ ਅਤੇ ਵਿਸ਼ੇਸ਼ ਤੌਰ 'ਤੇ ਐਸ.ਐਮ.ਸੀ. ਨਾਲ ਸਬੰਧਤ ਵਿੱਤੀ ਪ੍ਰਬੰਧਨ ਲਈ ਹੋਵੇ। ਸਕੂਲ ਦੇ ਖਾਤਿਆਂ ਦੇ ਸਹੀ ਰੱਖ-ਰਖਾਅ ਅਤੇ ਸਾਰੇ ਸਬੰਧਤ ਰਿਕਾਰਡਾਂ ਦੀ ਸੁਰੱਖਿਆ ਲਈ ਪ੍ਰਿੰਸੀਪਲ ਜਾਂ ਸਕੂਲ ਮੁਖੀ ਜ਼ਿੰਮੇਵਾਰ ਹੈ।

ii. **₹30 ਲੱਖ ਤੱਕ ਦੀ ਲਾਗਤ ਵਾਲੇ ਸਾਰੇ ਸਿਵਿਲ ਕਾਰਜ ਐਸ.ਐਮ.ਸੀ. ਦੁਆਰਾ ਕਰਵਾਏ ਜਾ ਸਕਦੇ ਹਨ। ਐਸ.ਐਮ.ਸੀ. ਖਾਤਿਆਂ ਦਾ ਸਹੀ ਰਿਕਾਰਡ ਰੱਖਦੇ ਹੋਏ ਪਾਰਦਰਸ਼ੀ ਯੋਜਨਾਬੰਦੀ, ਖਰੀਦ ਅਤੇ ਕੰਮ ਨੂੰ ਨੇਪਰੇ ਚਾੜ੍ਹਨਾ ਯਕੀਨੀ ਬਣਾ ਸਕਦੀ ਹੈ।** ਖਰੀਦ ਪ੍ਰਕਿਰਿਆ ਵਿੱਚ ਐਸ.ਐਮ.ਸੀ. ਰਾਹੀਂ ਭਾਈਚਾਰੇ ਦੀ ਸ਼ਮੂਲੀਅਤ ਨਾ ਸਿਰਫ਼ ਹਿੱਸੇਦਾਰਾਂ ਵਿੱਚ ਮਾਲਕੀ ਦੀ ਭਾਵਨਾ ਪੈਦਾ ਕਰਦੀ ਹੈ, ਸਗੋਂ ਖਰੀਦ ਵਿੱਚ ਪਾਰਦਰਸ਼ਤਾ ਵੀ ਲਿਆਉਂਦੀ ਹੈ।

iii. **ਜਿਨ੍ਹਾਂ ਸਿਵਲ ਕੰਮਾਂ ਦੀ ਲਾਗਤ ` 30 ਲੱਖ ਤੋਂ ਵੱਧ ਹੈ, ਉਹ ਕੇਂਦਰੀ ਲੋਕ ਨਿਰਮਾਣ ਵਿਭਾਗ (ਸੀ.ਪੀ.ਡਬਲਯੂ.ਡੀ.) ਦੇ ਨਵੀਨਤਮ ਕਾਰਜ ਮੈਨੂਅਲ ਅਤੇ/ਜਾਂ ਰਾਜ ਪੀ.ਡਬਲਯੂ.ਡੀ. ਦੀਆਂ ਕਾਰਜ ਪ੍ਰਕਿਰਿਆਵਾਂ ਅਨੁਸਾਰ ਜਨਤਕ ਟੈਂਡਰ ਮੰਗ ਕੇ ਕੀਤੇ ਜਾ ਸਕਦੇ ਹਨ। ਪਾਰਦਰਸ਼ਤਾ, ਗੁਣਵੱਤਾ ਅਤੇ ਸਮੇਂ ਸਿਰ ਕੰਮ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ ਲਈ ਐਸ.ਐਮ.ਸੀ. ਟੈਂਡਰ ਨੂੰ ਅੰਤਿਮ ਰੂਪ ਦੇਣ ਅਤੇ ਪ੍ਰੋਜੈਕਟ ਦੇ ਲਾਗੂ ਹੋਣ ਦੇ ਸਾਰੇ ਪੜਾਵਾਂ ਵਿੱਚ ਹਿੱਸਾ ਲੈ ਸਕਦੀ ਹੈ।**

iv. ਐਸ.ਐਮ.ਸੀ. ਮੈਂਬਰ ਸਕੂਲ ਵਿੱਚ ਕੀਤੇ ਗਏ ਰੱਖ-ਰਖਾਅ ਅਤੇ ਮੁਰੰਮਤ ਦੇ ਕੰਮ ਨੂੰ ਪ੍ਰਮਾਣਿਤ ਕਰ ਸਕਦਾ ਹੈ, ਜਿਸ ਲਈ ਤਕਨੀਕੀ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਲਾਗਤ ਦੇ ਮਾਪਦੰਡਾਂ ਨੂੰ ਜਾਣਨ ਦੇ ਭਾਈਚਾਰੇ ਦੇ ਅਧਿਕਾਰ ਦਾ ਪੂਰਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਸਕੂਲ/ਕਮੇਟੀ ਪੱਧਰ 'ਤੇ ਪ੍ਰਾਪਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਦੀ ਸੰਕੇਤਕ ਸੂਚੀ **ਅਨੁਲੱਗ-III**ਵਿੱਚ ਦਿੱਤੀ ਗਈ ਹੈ।

v. ਇੱਕ ਵੱਖਰੀ ਕੈਸ਼ ਬੁੱਕ, ਬੈਂਕ ਪਾਸਬੁੱਕ ਅਤੇ ਖਰੀਦ ਨਾਲ ਸਬੰਧਤ ਦਸਤਾਵੇਜ਼ ਰੱਖੇ ਜਾਣੇ ਚਾਹੀਦੇ ਹਨ। ਸਾਰੇ

ਵਿੱਤੀ ਲੈਣ-ਦੇਣ ਇਸ ਕੈਸ਼ ਬੁੱਕ ਵਿੱਚ ਦਰਜ ਕੀਤੇ ਜਾਣੇ ਚਾਹੀਦੇ ਹਨ।

vi. ਮਾਸਿਕ ਬੈਂਕ ਮੇਲ-ਮਿਲਾਪ (Bank Reconciliation) ਕੀਤਾ ਜਾਣਾ ਚਾਹੀਦਾ ਹੈ ਅਤੇ ਹਸਤਾਖਰ ਕੀਤੇ ਵੇਰਵਿਆਂ ਨੂੰ ਇੱਕ ਰਜਿਸਟਰ ਵਿੱਚ ਜਾਂ ਕੈਸ਼ ਬੁੱਕ ਦੇ ਹਿੱਸੇ ਵਜੋਂ ਰੱਖਿਆ ਜਾਣਾ ਚਾਹੀਦਾ ਹੈ। ਵਾਊਚਰਾਂ ਲਈ ਇੱਕ ਵੱਖਰੀ ਫਾਈਲ ਬਣਾਈ ਜਾਣੀ ਚਾਹੀਦੀ ਹੈ ਜੋ ਕੈਸ਼ ਬੁੱਕ ਨਾਲ ਸਹੀ ਢੰਗ ਨਾਲ ਜੁੜੇ ਹੋਣ ਅਤੇ ਨੰਬਰ ਦਿੱਤੇ ਹੋਣ।

vii. ਸਟਾਕ ਰਜਿਸਟਰ ਅਤੇ ਸਥਾਈ ਸੰਪਤੀ ਰਜਿਸਟਰ ਐਸ.ਐਮ.ਸੀ. ਦੁਆਰਾ ਬਣਾਇਆ ਅਤੇ ਅਪਡੇਟ ਕੀਤਾ ਜਾਣਾ ਚਾਹੀਦਾ ਹੈ। ਇਸ ਰਜਿਸਟਰ ਦੀ ਸਾਲਾਨਾ ਭੌਤਿਕ ਪੜਤਾਲ ਕੀਤੀ ਜਾਣੀ ਚਾਹੀਦੀ ਹੈ।

viii. ਸਕੂਲ ਫੰਡ ਦਾ ਕਿਸੇ ਵੀ ਸਮੇਂ ਅੰਦਰੂਨੀ/ਵਿਭਾਗੀ ਅਧਿਕਾਰੀਆਂ ਦੁਆਰਾ ਲੇਖਾ-ਪੜਤਾਲ ਕੀਤੀ ਜਾ ਸਕਦਾ ਹੈ ਅਤੇ ਐਸ.ਐਮ.ਸੀ. ਹਰੇਕ ਵਿੱਤੀ ਸਾਲ ਦੇ ਅੰਤ ਵਿੱਚ ਸਾਲਾਨਾ ਖਾਤੇ ਜਮ੍ਹਾ ਕਰਨ ਲਈ ਜ਼ਿੰਮੇਵਾਰ ਹੋਵੇਗੀ, ਜਿਸ ਤੋਂ ਬਿਨਾਂ ਹੋਰ ਕੋਈ ਗ੍ਰਾਂਟ ਪ੍ਰਵਾਨ ਨਹੀਂ ਹੋਵੇਗੀ।

ix. ਇਹ ਰਿਕਾਰਡ ਲੇਖਾ-ਪੜਤਾਲ ਦੌਰਾਨ ਉਪਲਬਧ ਕਰਵਾਏ ਜਾਣੇ ਚਾਹੀਦੇ ਹਨ। ਖਾਤਿਆਂ 'ਤੇ ਐਸ.ਐਮ.ਸੀ. ਦੇ ਪ੍ਰਧਾਨ/ਉਪ-ਪ੍ਰਧਾਨ ਅਤੇ ਕਨਵੀਨਰ/ਮੈਂਬਰ ਸਕੱਤਰ ਦੁਆਰਾ ਸਹੀ ਢੰਗ ਨਾਲ ਹਸਤਾਖਰ ਕੀਤੇ ਜਾਣੇ ਚਾਹੀਦੇ ਹਨ ਅਤੇ ਉਹਨਾਂ ਦੇ ਤਿਆਰ ਹੋਣ ਦੇ ਇੱਕ ਮਹੀਨੇ ਦੇ ਅੰਦਰ ਸਥਾਨਕ ਅਥਾਰਟੀ ਨੂੰ ਸੌਂਪੇ ਜਾਣੇ ਚਾਹੀਦੇ ਹਨ ਜਾਂ ਸਕੂਲ ਦੇ ਨੋਟਿਸ ਬੋਰਡ 'ਤੇ ਪ੍ਰਦਰਸ਼ਿਤ ਕੀਤੇ ਜਾਣੇ ਚਾਹੀਦੇ ਹਨ।

x. ਸਕੂਲ ਦੇ ਬੁਨਿਆਦੀ ਢਾਂਚੇ ਲਈ ਨਿਰਧਾਰਿਤ ਕੀਤੀਆਂ ਗ੍ਰਾਂਟਾਂ, ਸੰਯੁਕਤ ਸਕੂਲ ਗ੍ਰਾਂਟਾਂ, ਅਤੇ ਮੁਫ਼ਤ ਬੱਚਿਆਂ ਦੇ ਸਰੋਤਾਂ ਜਿਵੇਂ ਕਿ ਪਾਠ ਪੁਸਤਕਾਂ, ਵਰਦੀਆਂ ਅਤੇ ਵਜ਼ੀਫ਼ਿਆਂ ਲਈ ਹੱਕਦਾਰੀਆਂ ਦੀ ਵਰਤੋਂ ਸਮਗਰ ਸਿੱਖਿਆ ਅਭਿਆਨ ਦੇ ਪ੍ਰਵਾਨਿਤ ਨਿਯਮਾਂ ਅਨੁਸਾਰ ਸਖ਼ਤੀ ਨਾਲ ਐਸ.ਐਮ.ਸੀ. ਦੇ ਸਹਿਯੋਗ ਨਾਲ ਕੀਤੀ ਜਾਵੇਗੀ।

xi. ਪਾਰਦਰਸ਼ਤਾ ਨੂੰ ਮਜ਼ਬੂਤ ਕਰਨ ਲਈ, ਐਸ.ਐਮ.ਸੀ. ਤਰਜੀਹੀ ਤੌਰ 'ਤੇ ਆਮਦਨ ਅਤੇ ਖਰਚੇ ਦਾ **ਡਿਜੀਟਲ ਰਿਕਾਰਡ**ਰੱਖ ਸਕਦੀ ਹੈ। ਵਿੱਤੀ ਰਿਕਾਰਡ, ਮੀਟਿੰਗਾਂ ਦੀ ਕਾਰਵਾਈ ਅਤੇ ਲੇਖਾ-ਪੜਤਾਲ ਦਾ ਸਾਰ ਸਕੂਲ ਦੇ ਨੋਟਿਸ ਬੋਰਡ 'ਤੇ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ।

xii. ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਹੋਰ ਵਧਾਉਣ ਲਈ, ਐਸ.ਐਮ.ਸੀ. ਨੂੰ ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ, **ਸਿੱਖਿਆ**ਮੰਤਰਾਲੇ ਦੁਆਰਾ ਜਾਰੀ ਕੀਤੇ ਗਏ 'ਸਮੱਗਰ ਸਿੱਖਿਆ ਦੇ ਸਮਾਜਿਕ ਲੇਖਾ-ਪੜਤਾਲ ਲਈ ਦਿਸ਼ਾ-ਨਿਰਦੇਸ਼ਾਂ' ਦੀ ਪਾਲਣਾ ਕਰਦੇ ਹੋਏ, ਹਰੇਕ ਅਕਾਦਮਿਕ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਸਮਾਜਿਕ ਲੇਖਾ-ਪੜਤਾਲ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ (https://www.education.gov.in/sites/upload_files/mhrd/ files/Guidelines_for_Social_Audit_of_Samagra_Shiksha_scheme.pdf)।

## 8. ਮੰਤਰਾਲਿਆਂ/ਵਿਭਾਗਾਂ ਨਾਲ ਅਭਿਸਰਨ ਰਾਹੀਂ ਸਰੋਤਾਂ ਦੀ ਉਚਿਤ ਵਰਤੋਂ

ਐਸ.ਐਮ.ਸੀ. ਸਰੋਤਾਂ ਦੀ ਕੁਸ਼ਲ ਵਰਤੋਂ ਨੂੰ ਯਕੀਨੀ ਬਣਾਉਣ ਅਤੇ ਯਤਨਾਂ ਦੇ ਦੋਹਰਾਅ ਤੋਂ ਬਚਣ ਲਈ ਹੋਰ ਸਰਕਾਰੀ ਵਿਭਾਗਾਂ ਅਤੇ ਸਥਾਨਕ ਸੰਸਥਾਵਾਂ ਨਾਲ ਤਾਲਮੇਲ ਕਰਕੇ ਸਕੂਲੀ ਗਤੀਵਿਧੀਆਂ ਦੀ ਯੋਜਨਾ ਬਣਾ ਸਕਦੀ ਹੈ ਅਤੇ ਉਹਨਾਂ ਨੂੰ ਲਾਗੂ ਕਰ ਸਕਦੀ ਹੈ। ਇਹ ਸੁਮੇਲ 'ਸਮੁੱਚੀ-ਸਰਕਾਰ' ਪਹੁੰਚ ਦੇ ਤਹਿਤ ਵਿਦਿਆਰਥੀਆਂ ਦੇ ਪ੍ਰਦਰਸ਼ਨ, ਸਕੂਲੀ ਬੁਨਿਆਦੀ ਢਾਂਚੇ, ਸਿਹਤ, ਪੋਸ਼ਣ, ਹੁਨਰ ਅਤੇ ਭਾਈਚਾਰਕ ਪਹਿਲਕਦਮੀਆਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰੇਗਾ। ਵਿਭਾਗਾਂ ਅਤੇ ਗਤੀਵਿਧੀਆਂ ਦੀ ਇੱਕ ਸੰਕੇਤਕ ਸੂਚੀ ਵਿੱਚ ਸ਼ਾਮਲ ਹਨ:

**i. ਸਿਹਤ ਅਤੇ ਪਰਿਵਾਰ ਭਲਾਈ ਵਿਭਾਗ**

(a) ਅਧਿਆਪਕਾਂ ਨੂੰ ਸਿਹਤ ਅਤੇ ਤੰਦਰੁਸਤੀ ਐਂਬੈਸਡਰਾਂ ਵਜੋਂ ਸਹਾਇਤਾ ਪ੍ਰਦਾਨ ਕਰਕੇ ਸਕੂਲ ਸਿਹਤ ਪ੍ਰੋਗਰਾਮ (SHP) ਨੂੰ ਲਾਗੂ ਕਰੋ।

(b) ਮਾਹਵਾਰੀ ਸਫਾਈ ਯੋਜਨਾ (MHS) ਰਾਹੀਂ ਸਫਾਈ ਨੂੰ ਉਤਸ਼ਾਹਿਤ ਕਰਨਾ — ਸੈਨੇਟਰੀ ਉਤਪਾਦਾਂ ਅਤੇ ਨਿਪਟਾਰੇ ਦੀਆਂ ਸਹੂਲਤਾਂ ਤੱਕ ਪਹੁੰਚ ਯਕੀਨੀ ਬਣਾਓ।

(c) ਸਥਾਨਕ ਸਿਹਤ ਅਧਿਕਾਰੀਆਂ ਦੇ ਸਹਿਯੋਗ ਨਾਲ ਸਾਲਾਨਾ ਸਿਹਤ, ਸਰੀਰਕ ਤੰਦਰੁਸਤੀ ਅਤੇ ਪੋਸ਼ਣ ਕੈਂਪਾਂ ਦਾ ਆਯੋਜਨ ਕਰੋ।

(d) 'ਤੰਬਾਕੂ ਮੁਕਤ ਵਿਦਿਅਕ ਸੰਸਥਾਵਾਂ' ਦੇ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨ ਲਈ

(e) ਸਕੂਲ ਸਿਹਤ ਪ੍ਰੋਗਰਾਮ, ਜਿਸ ਵਿੱਚ ਪੇਟ ਦੇ ਕੀੜੇ ਮਾਰਨ ਦੀਆਂ ਦਵਾਈਆਂ ਅਤੇ ਸੂਖਮ-ਪੋਸ਼ਕ ਤੱਤਾਂ ਦੀ ਪੂਰਤੀ ਸ਼ਾਮਲ ਹੈ, ਜਿਸ ਵਿੱਚ ਕਮਜ਼ੋਰ ਸਮੂਹਾਂ, ਖਾਸ ਕਰਕੇ ਕਿਸ਼ੋਰ ਅਵਸਥਾ ਦੇ ਨੇੜੇ ਪਹੁੰਚ ਰਹੀਆਂ ਲੜਕੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ।

**ii. ਪੇਂਡੂ ਵਿਕਾਸ ਵਿਭਾਗ**

ਸਕੂਲ ਦੇ ਬੁਨਿਆਦੀ ਢਾਂਚੇ ਦੀ ਕਿਸੇ ਵੀ ਉਸਾਰੀ ਦੀ ਲੋੜ ਅਤੇ ਬਾਲਾ (BaLA) ਵਿਸ਼ੇਸ਼ਤਾਵਾਂ ਨੂੰ ਮਜ਼ਬੂਤ ਕਰਨ ਲਈ ਵਿਕਸਿਤ ਭਾਰਤ - ਰੁਜ਼ਗਾਰ ਅਤੇ ਆਜੀਵਿਕਾ ਮਿਸ਼ਨ-ਗ੍ਰਾਮੀਣ (VB-G RAM G) ਫੰਡਾਂ ਦੀ ਵਰਤੋਂ ਦੀ ਸਹੂਲਤ ਪ੍ਰਦਾਨ ਕਰੋ।

**iii. ਸ਼ਹਿਰੀ ਵਿਕਾਸ ਵਿਭਾਗ**

ਐਸ.ਐਮ.ਸੀ. ਅਟਲ ਮਿਸ਼ਨ ਫਾਰ ਰਿਜੁਵੇਨੇਸ਼ਨ ਐਂਡ ਅਰਬਨ ਟ੍ਰਾਂਸਫਾਰਮੇਸ਼ਨ (ਏ ਐਮ ਆਰ ਯੂ ਟੀ[5]) ਅਤੇ ਸਵੱਛ ਭਾਰਤ ਮਿਸ਼ਨ (ਐਸ ਬੀ ਐਮ[6]) ਵਰਗੀਆਂ ਸਕੀਮਾਂ ਤਹਿਤ ਨਗਰ ਨਿਗਮਾਂ ਅਤੇ ਨਗਰ ਪੰਚਾਇਤਾਂ ਵਰਗੀਆਂ ਸ਼ਹਿਰੀ ਸਥਾਨਕ ਇਕਾਈਆਂ (ULBs) ਤੋਂ ਸਹਾਇਤਾ ਪ੍ਰਾਪਤ ਕਰ ਸਕਦੀ ਹੈ।

**iv. ਪੀਣ ਵਾਲੇ ਪਾਣੀ ਅਤੇ ਸਵੱਛਤਾ ਵਿਭਾਗ**

(a) ਸਵੱਛ ਭਾਰਤ ਮਿਸ਼ਨ (SBM) ਦੇ ਅਧੀਨ ਸਾਫ਼-ਸੁਥਰੇ ਸ਼ੌਚਾਲਿਆਂ ਅਤੇ ਹੱਥ ਧੋਣ ਵਾਲੀਆਂ ਥਾਵਾਂ ਦੀ ਸਾਂਭ-ਸੰਭਾਲ ਯਕੀਨੀ ਬਣਾਓ।

(b) ਮਾਹਵਾਰੀ ਸਵੱਛਤਾ ਪ੍ਰਬੰਧਨ (MHM) ਰਾਹੀਂ ਮਾਹਵਾਰੀ ਸਵੱਛਤਾ ਅਤੇ ਸੁਰੱਖਿਅਤ ਨਿਪਟਾਰੇ ਦੇ ਤਰੀਕਿਆਂ ਨੂੰ ਉਤਸ਼ਾਹਿਤ ਕਰੋ।

(c) ਜਲ ਜੀਵਨ ਮਿਸ਼ਨ (JJM) ਰਾਹੀਂ ਸਕੂਲਾਂ ਵਿੱਚ ਪੀਣ ਵਾਲੇ ਸੁਰੱਖਿਅਤ ਅਤੇ ਲੋੜੀਂਦੇ ਪਾਣੀ ਦੀ ਸਹੂਲਤ ਨੂੰ ਯਕੀਨੀ ਬਣਾਓ।

**v. ਮਹਿਲਾ ਅਤੇ ਬਾਲ ਵਿਕਾਸ ਵਿਭਾਗ**

(a) ਬਾਲ ਸੁਰੱਖਿਆ ਸੇਵਾਵਾਂ (CPS) ਰਾਹੀਂ ਸੁਰੱਖਿਅਤ ਸਥਾਨ ਅਤੇ ਰੈਫਰਲ ਪ੍ਰਣਾਲੀਆਂ ਬਣਾਓ।

(b) ਆਰ.ਟੀ.ਈ. (RTE) ਅਧਿਨਿਯਮ ਅਧੀਨ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ (SCPCR) ਨਾਲ ਨਜ਼ਦੀਕੀ ਸਹਿਯੋਗ

(c) ਆਂਗਣਵਾੜੀ ਕੇਂਦਰਾਂ ਅਤੇ ਸਕੂਲਾਂ ਦੇ ਆਪਸੀ ਤਾਲਮੇਲ ਵਿੱਚ ਸੁਧਾ**ਹੁਨਰ ਵਿਕਾਸ ਅਤੇ ਉੱਦਮਤਾ ਵਿਭਾਗ**

(a) ਹੁਨਰ ਵਿਕਾਸ ਗਤੀਵਿਧੀਆਂ ਲਈ ਤਾਲਮੇਲ ਕਰਨਾ।

(b) ਵਿਦਿਆਰਥੀਆਂ ਨੂੰ ਸਥਾਨਕ ਉਦਯੋਗ ਦੀਆਂ ਲੋੜਾਂ ਮੁਤਾਬਕ ਕਰੀਅਰ ਦੇ ਰਾਹਾਂ ਵੱਲ ਸੇਧ ਦਿਓ।

**vi. ਹੁਨਰ ਵਿਕਾਸ ਅਤੇ ਉੱਦਮਤਾ ਵਿਭਾਗ**

[5] ਅਮਰੁਤ (AMRUT) ਯੋਜਨਾ ਦੇ ਅਧੀਨ, ਸ਼ਹਿਰੀ ਸਥਾਨਕ ਇਕਾਈਆਂ ਪਾਣੀ ਦੀ ਸਪਲਾਈ, ਸੀਵਰੇਜ ਸਿਸਟਮ, ਹਰੇ ਖੇਤਰ, ਸ਼ੌਚਾਲਿਆਂ ਦੀਆਂ ਸਹੂਲਤਾਂ, ਖੇਡ ਦੇ ਮੈਦਾਨ ਅਤੇ ਬਿਹਤਰ ਆਵਾਜਾਈ ਸੰਪਰਕ ਸਮੇਤ ਜ਼ਰੂਰੀ ਬੁਨਿਆਦੀ ਢਾਂਚਾ ਪ੍ਰਦਾਨ ਕਰਦੀਆਂ ਹਨ।

[6] ਸਵੱਛ ਭਾਰਤ ਮਿਸ਼ਨ ਵਿਗਿਆਨਕ ਠੋਸ ਰਹਿੰਦ-ਖੂੰਹਦ ਪ੍ਰਬੰਧਨ ਦੇ ਨਾਲ-ਨਾਲ ਸ਼ਹਿਰੀ ਖੇਤਰਾਂ ਵਿੱਚ ਗ੍ਰੇਅਵਾਟਰ ਅਤੇ ਬਲੈਕਵਾਟਰ ਦੇ ਪ੍ਰਭਾਵਸ਼ਾਲੀ ਨਿਪਟਾਰੇ ਰਾਹੀਂ ਸਕੂਲ ਕੈਂਪਸਾਂ ਨੂੰ "ਕੂੜਾ-ਮੁਕਤ" ਬਣਾਉਣ ਦੇ ਯੋਗ ਬਣਾਉਂਦਾ ਹੈ।

(a) ਹੁਨਰ ਵਿਕਾਸ ਗਤੀਵਿਧੀਆਂ ਲਈ ਤਾਲਮੇਲ ਕਰਨਾ।

(b) ਵਿਦਿਆਰਥੀਆਂ ਨੂੰ ਸਥਾਨਕ ਉਦਯੋਗ ਦੀਆਂ ਲੋੜਾਂ ਮੁਤਾਬਕ ਕਰੀਅਰ ਦੇ ਰਾਹਾਂ ਵੱਲ ਸੇਧ ਦਿਓ।

**vii. ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ**

(a) CwSN ਵਿਦਿਆਰਥੀਆਂ ਲਈ ਦੀਨਦਿਆਲ ਦਿਵਿਆਂਗ ਪੁਨਰਵਾਸ ਯੋਜਨਾ (DDRS) ਦੀ ਵਰਤੋਂ ਕਰੋ।

(b) ਯੋਗ ਪੱਛੜੀਆਂ ਸ਼੍ਰੇਣੀਆਂ (OBC) ਦੇ ਵਿਦਿਆਰਥੀਆਂ ਦੀ ਪਛਾਣ ਕਰਕੇ ਅਤੇ ਅਰਜ਼ੀ ਪ੍ਰਕਿਰਿਆ ਵਿੱਚ ਸਹਾਇਤਾ ਕਰਕੇ ਵਾਈਬ੍ਰੈਂਟ ਇੰਡੀਆ ਲਈ ਪ੍ਰਧਾਨ ਮੰਤਰੀ ਯੰਗ ਅਚੀਵਰਜ਼ ਸਕਾਲਰਸ਼ਿਪ ਅਵਾਰਡ ਸਕੀਮ (PM-YASASVI) ਵਜ਼ੀਫ਼ਿਆਂ ਨੂੰ ਉਤਸ਼ਾਹਿਤ ਕਰਨਾ।

(c) ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਮੁੱਖ ਧਾਰਾ ਦੀ ਸਿੱਖਿਆ ਲਈ ਤਿਆਰ ਕਰਨ ਲਈ ਸ਼ੁਰੂਆਤੀ ਦਖਲਅੰਦਾਜ਼ੀ ਪ੍ਰੋਗਰਾਮਾਂ ਵਿੱਚ ਸਹਿਯੋਗ ਦੇਣਾ।

(d) ਨਸ਼ਾ ਮੁਕਤ ਸਕੂਲ ਯਕੀਨੀ ਬਣਾਉਣ ਲਈ ਸਹਿਯੋਗ ਦੇਣਾ।

**viii. ਖੇਡ ਅਤੇ ਯੁਵਾ ਮਾਮਲੇ ਵਿਭਾਗ**

(a) ਖੇਲੋ ਇੰਡੀਆ ਪਹਿਲਕਦਮੀ ਦੇ ਤਹਿਤ ਸਕੂਲ ਪੱਧਰੀ ਖੇਡ ਮੁਕਾਬਲੇ ਆਯੋਜਿਤ ਕਰੋ।

(b) ਖੇਡਾਂ ਦੇ ਵਿਕਾਸ ਲਈ ਰਾਸ਼ਟਰੀ ਪ੍ਰੋਗਰਾਮ ਦੀ ਵਰਤੋਂ ਕਰਕੇ ਖੇਡਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰੋ।

(c) ਰਚਨਾਤਮਕਤਾ ਅਤੇ ਟੀਮ ਵਰਕ ਨੂੰ ਉਤਸ਼ਾਹਿਤ ਕਰਨ ਲਈ ਰਾਸ਼ਟਰੀ ਸਕੂਲ ਬੈਂਡ ਮੁਕਾਬਲੇ ਵਿੱਚ ਭਾਗੀਦਾਰੀ ਲਈ ਉਤਸ਼ਾਹਿਤ ਕਰੋ।

(d) ਸਕੂਲੀ ਬੱਚਿਆਂ ਲਈ ਜਨਤਕ ਖੇਡ ਸਹੂਲਤਾਂ ਦੀ ਵਰਤੋਂ ਕਰੋ।

(e) ਵੱਖ-ਵੱਖ ਖੇਡਾਂ ਦੇ ਕੋਚਾਂ ਅਤੇ ਮਾਹਿਰਾਂ ਦੀ ਸਹਾਇਤਾ ਲਓ ਅਤੇ ਯੋਗਾ ਇੰਸਟ੍ਰਕਟਰਾਂ ਦਾ ਪ੍ਰਬੰਧ ਕਰੋ।

**ix. ਕਾਨੂੰਨ ਅਤੇ ਨਿਆਂ ਵਿਭਾਗ**

(a) ਸੁਰੱਖਿਆ ਅਧਿਨਿਯਮ (POCSO Act) ਸਮੇਤ ਬਾਲ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਯਕੀਨੀ ਬਣਾਓ।

(b) ਵਿਦਿਆਰਥੀਆਂ, ਮਾਪਿਆਂ ਅਤੇ ਸਟਾਫ਼ ਲਈ ਕਾਨੂੰਨੀ ਸਾਖਰਤਾ ਸੈਸ਼ਨ ਆਯੋਜਿਤ ਕਰੋ।

(c) ਧੌਂਸਬਾਜ਼ੀ, ਦੁਰਵਿਹਾਰ ਅਤੇ ਸਰੀਰਕ ਸਜ਼ਾ ਦੀ ਰਿਪੋਰਟ ਕਰਨ ਲਈ ਸਪੱਸ਼ਟ ਪ੍ਰਣਾਲੀਆਂ ਸਥਾਪਤ ਕਰੋ।

**x. ਗ੍ਰਹਿ ਮਾਮਲਿਆਂ ਦਾ ਵਿਭਾਗ**

(a) ਬਾਲ ਸੁਰੱਖਿਆ ਕਾਨੂੰਨਾਂ ਨੂੰ ਲਾਗੂ ਕਰਨ ਲਈ ਸਥਾਨਕ ਪੁਲਿਸ ਨਾਲ ਸਹਿਯੋਗ ਕਰੋ।

(b) ਸੁਰੱਖਿਆ ਲੇਖਾ-ਪੜਤਾਲ ਅਤੇ ਅਪਾਤ ਸਥਿਤੀਆਂ ਤਿਆਰੀ ਅਭਿਆਸ ਕਰਵਾਓ।

(c) ਇਹ ਯਕੀਨੀ ਬਣਾਓ ਕਿ ਸਟਾਫ ਸੁਰੱਖਿਆ ਅਧਿਨਿਯਮ (POCSO Act) ਦੇ ਅਧੀਨ ਘਟਨਾਵਾਂ ਨੂੰ ਸੰਭਾਲਣ ਲਈ ਸਿਖਲਾਈ ਪ੍ਰਾਪਤ ਹੈ।

**xi. ਪੰਚਾਇਤੀ ਰਾਜ ਵਿਭਾਗ**

(a) ਸਕੂਲ ਸੁਧਾਰ ਪ੍ਰੋਜੈਕਟਾਂ ਲਈ ਭਾਈਚਾਰਕ ਸਵੈ-ਸੇਵਕਾਂ ਨੂੰ ਲਾਮਬੰਦ ਕਰੋ।

(b) ਪੇਂਡੂ ਅਤੇ ਸ਼ਹਿਰੀ ਦੋਵਾਂ ਖੇਤਰਾਂ ਵਿੱਚ ਸਕੂਲ-ਭਾਈਚਾਰਕ ਸ਼ਮੂਲੀਅਤ ਨੂੰ ਮਜ਼ਬੂਤ ਕਰਨਾ।

(c) ਇਹ ਯਕੀਨੀ ਬਣਾਉਣਾ ਕਿ ਸਕੂਲ/ਸੰਸਥਾ ਲਈ ਪੰਚਾਇਤੀ ਰਾਜ ਸੰਸਥਾਵਾਂ ਕੋਲ ਉਪਲਬਧ ਕਿਸੇ ਵੀ ਸਰੋਤ ਦੀ ਢੁਕਵੀਂ ਵਰਤੋਂ ਕੀਤੀ ਜਾਵੇ।

(d) ਤਿਥੀ ਭੋਜਨ ਦਾ ਆਯੋਜਨ ਕਰਨਾ

## 9. ਐਸ.ਐਮ.ਸੀਜ਼. ਦੀ ਨਿਗਰਾਨੀ ਅਤੇ ਸਹਾਇਤਾ

ਐਸ.ਐਮ.ਸੀ. ਦੀ ਨਿਗਰਾਨੀ ਅਤੇ ਸਹਾਇਤਾ ਲਈ ਇੱਕ ਪ੍ਰਣਾਲੀ ਹੋਣੀ ਚਾਹੀਦੀ ਹੈ। ਬਲਾਕ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਸਾਲ ਵਿੱਚ ਦੋ ਵਾਰ ਸਧਾਰਨ ਜਾਂਚ ਸੂਚੀਆਂ ਦੀ ਵਰਤੋਂ ਕਰਕੇ ਐਸ.ਐਮ. ਸੀ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਨੀ ਚਾਹੀਦੀ ਹੈ। ਦੰਡਕਾਰੀ ਉਪਾਵਾਂ ਦੀ ਬਜਾਏ ਕਾਰਗੁਜ਼ਾਰੀ ਵਿੱਚ ਸੁਧਾਰ ਲਈ ਨੇੜਲੇ ਸਕੂਲਾਂ ਵਿੱਚ ਸਹਿਯੋਗੀ ਨਿਗਰਾਨੀ ਅਤੇ ਸਹਿਕਰਮੀ-ਸਿੱਖਿਆ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਐਸ.ਐਮ.ਸੀ. ਦੇ ਕੰਮਕਾਜ ਨੂੰ ਮਾਪਣ ਲਈ, ਮੀਟਿੰਗ ਰਜਿਸਟਰ ਦੇ ਪਹਿਲੇ ਪੰਨੇ 'ਤੇ ਇੱਕ ਜਾਂਚ ਸੂਚੀ ਹੋਣੀ ਚਾਹੀਦੀ ਹੈ ਜਿਸ ਵਿੱਚ ਸਧਾਰਨ ਕਾਰਗੁਜ਼ਾਰੀ ਸੂਚਕ ਹੋਣ ਜਿਵੇਂ ਕਿ ਕੀਤੀਆਂ ਗਈਆਂ ਮੀਟਿੰਗਾਂ ਦੀ ਗਿਣਤੀ, ਹਾਜ਼ਰੀ ਦੀ ਪ੍ਰਤੀਸ਼ਤਤਾ, ਲਏ ਗਏ ਫੈਸਲੇ, ਫੰਡਾਂ ਦੀ ਵਰਤੋਂ ਆਦਿ, ਜਿਨ੍ਹਾਂ ਦੀ ਸਾਲਾਨਾ ਨਿਗਰਾਨੀ ਕੀਤੀ ਜਾ ਸਕਦੀ ਹੈ। ਜਦੋਂ ਭੌਤਿਕ ਬੈਠਕਾਂ ਸੰਭਵ ਨਾ ਹੋਣ, ਤਾਂ ਸਕੂਲ ਵਟਸਐਪ ਜਾਂ ਗੂਗਲ ਮੀਟ ਵਰਗੇ ਡਿਜੀਟਲ ਮਾਧਿਅਮ ਦੀ ਵਰਤੋਂ ਕਰਕੇ ਵਰਚੁਅਲ ਜਾਂ ਮਿਸ਼ਰਿਤ ਮੋਡ ਵਿੱਚ ਐਸ.ਐਮ.ਸੀ. ਦੀਆਂ ਬੈਠਕਾਂ ਦਾ ਆਯੋਜਨ ਕਰ ਸਕਦੇ ਹਨ। ਐਸ.ਐਮ.ਸੀ. ਮਹੀਨਾਵਾਰ ਮੀਟਿੰਗਾਂ ਵਿੱਚ ਫੀਡਬੈਕ ਬਾਕਸ ਰਾਹੀਂ ਪ੍ਰਾਪਤ ਹੋਈਆਂ ਪ੍ਰਤੀਕਿਰਿਆਵਾਂ 'ਤੇ ਚਰਚਾ ਕਰ ਸਕਦੀ ਹੈ। ਚੋਣਾਂ ਜਾਂ ਕੰਮਕਾਜ ਦੌਰਾਨ ਹੋਣ ਵਾਲੇ ਝਗੜਿਆਂ ਦਾ ਨਿਪਟਾਰਾ ਬਲਾਕ ਸਿੱਖਿਆ ਅਫ਼ਸਰ (ਬੀ.ਈ.ਓ.) ਜਾਂ ਕਿਸੇ ਹੋਰ ਨਾਮਜ਼ਦ ਅਥਾਰਟੀ ਦੁਆਰਾ ਕੀਤਾ ਜਾ ਸਕਦਾ ਹੈ।




## 10. ਸਿੱਟਾ

ਸਕੂਲਾਂ ਨੂੰ ਜੀਵੰਤ ਸਿੱਖਣ ਪ੍ਰਣਾਲੀਆਂ ਵਿੱਚ ਬਦਲਣ ਲਈ **ਸਮੂਹਿਕ ਮਾਲਕੀ**ਦੀ ਲੋੜ ਹੈ, ਜਿਸ ਵਿੱਚ **ਐਸ.ਐਮ.ਸੀਜ਼.** ਭਾਈਚਾਰਕ ਭਾਗੀਦਾਰੀ ਲਈ ਮੁੱਢਲੀ ਸੰਸਥਾਗਤ ਮੰਚ ਵਜੋਂ ਕੰਮ ਕਰਦੀਆਂ ਹਨ। ਭਾਈਚਾਰਕ ਸ਼ਮੂਲੀਅਤ ਨੂੰ ਮਹਿਜ਼ ਪ੍ਰਤੀਕਾਤਮਕ ਸਮਰਥਨ ਤੋਂ ਅੱਗੇ ਵਧ ਕੇ **ਸੰਗਠਿਤ, ਨਿਰੰਤਰ ਅਤੇ ਪ੍ਰਣਾਲੀਗਤ ਭਾਗੀਦਾਰੀ**ਵੱਲ ਵਧਣਾ ਚਾਹੀਦਾ ਹੈ। ਮਾਪੇ, ਸਾਬਕਾ ਵਿਦਿਆਰਥੀ, ਸਥਾਨਕ ਇਕਾਈਆਂ, ਸਿਵਲ ਸੁਸਾਇਟੀ ਸੰਸਥਾਵਾਂ (ਸੀ.ਐਸ.ਓਜ਼), ਕਾਰਪੋਰੇਟ ਅਤੇ ਨਾਗਰਿਕ **ਆਪਸ ਵਿੱਚ ਜੁੜੇ ਮਾਰਗਾਂ**ਰਾਹੀਂ ਯੋਗਦਾਨ ਪਾ ਸਕਦੇ ਹਨ, ਜੋ ਸਿੱਖਿਆ ਪ੍ਰਦਾਨ ਕਰਨ, ਸਮਾਨਤਾ ਅਤੇ ਜਵਾਬਦੇਹੀ ਨੂੰ ਮਜ਼ਬੂਤ ਕਰਨ ਲਈ ਐਸ.ਐਮ.ਸੀਜ਼. ਰਾਹੀਂ ਤਾਲਮੇਲ ਕਰਦੇ ਹਨ।

ਸਕੂਲਾਂ ਨੂੰ ਮਜ਼ਬੂਤ ਕਰਨ ਲਈ ਸਿੱਖਿਆ ਨੂੰ ਸਿਰਫ਼ **ਸਰਕਾਰ ਦੀ ਜ਼ਿੰਮੇਵਾਰੀ** ਵਜੋਂ ਦੇਖਣ ਦੀ ਬਜਾਏ ਇਸ ਨੂੰ **ਸਮਾਜ ਦੇ ਸਾਂਝੇ ਮਿਸ਼ਨ**ਵਜੋਂ ਜਿੰਮੇਵਾਰੀ ਮੰਨਣ ਦੀ ਲੋੜ ਹੈ। ਸਕੂਲਾਂ ਨੂੰ **ਭਾਈਚਾਰਕ ਸੰਪਤੀ** ਵਜੋਂ ਮੰਨਿਆ ਜਾਣਾ ਚਾਹੀਦਾ ਹੈ—ਅਜਿਹੀਆਂ ਸਮਾਵੇਸ਼ੀ ਅਤੇ ਪਾਲਣ-ਪੋਸ਼ਣ ਵਾਲੀਆਂ ਥਾਵਾਂ ਜੋ ਹਰ ਕਿਸੇ ਦੀਆਂ ਹੋਣ। ਐਸ.ਐਮ. ਸੀਜ਼. ਰਾਹੀਂ, ਮਾਪੇ, ਸਾਬਕਾ ਵਿਦਿਆਰਥੀ, ਸਥਾਨਕ ਆਗੂ, ਸਵੈ-ਸੇਵਕ ਅਤੇ ਨਿੱਜੀ ਭਾਈਵਾਲਾਂ ਸਮੇਤ ਹਰ ਹਿੱਸੇਦਾਰ ਅਗਲੀ ਪੀੜ੍ਹੀ ਨੂੰ ਘੜਨ ਵਿੱਚ ਸਾਰਥਕ ਭੂਮਿਕਾ ਨਿਭਾ ਸਕਦਾ ਹੈ। ਜਦੋਂ ਭਾਈਚਾਰੇ ਸ਼ਕਤੀਸ਼ਾਲੀ ਐਸ.ਐਮ.ਸੀਜ਼. ਰਾਹੀਂ **ਜਨਤਕ ਸਿੱਖਿਆ ਦੇ ਰਖਵਾਲੇ (custodians)** ਵਜੋਂ ਕੰਮ ਕਰਦੇ ਹਨ, ਤਾਂ ਸੁਧਾਰ

ਸਥਾਨਕ ਪੱਧਰ 'ਤੇ ਮਾਲਕੀ ਵਾਲੇ, ਜਵਾਬਦੇਹ ਅਤੇ ਸਥਿਰ ਬਣ ਜਾਂਦੇ ਹਨ।

ਦੇਸ਼ ਭਰ ਦੇ ਸਕੂਲ **ਕਰੋੜਾਂ ਬੱਚਿਆਂ**ਦੀ ਸੇਵਾ ਕਰਦੇ ਹਨ, ਉਹਨਾਂ ਨੂੰ ਮੌਕੇ, ਗੌਰਵ/ਸਤਿਕਾਰ ਅਤੇ ਸਮਾਨਤਾ ਪ੍ਰਦਾਨ ਕਰਦੇ ਹਨ, ਅਤੇ ਉਹ **ਰਾਸ਼ਟਰੀ ਵਿਕਾਸ ਅਤੇ ਸਮਾਜਿਕ ਇਕਜੁੱਟਤਾ ਦੇ**ਮੁੱਖ ਥੰਮ੍ਹ ਬਣੇ ਹੋਏ ਹਨ। ਐਸ.ਐਮ.ਸੀ. ਦੀ ਅਗਵਾਈ ਵਾਲੀ ਸਵੈ-ਸੇਵਾ, ਮਾਰਗਦਰਸ਼ਨ, ਨਵੀਨਤਾ, ਸਰੋਤ ਜੁਟਾਉਣ ਅਤੇ ਭਾਗੀਦਾਰੀ ਸ਼ਾਸਨ ਰਾਹੀਂ, ਭਾਈਚਾਰੇ ਇਹਨਾਂ ਸੰਸਥਾਵਾਂ ਨੂੰ ਸਾਰਥਕ ਰੂਪ ਵਿੱਚ ਮਜ਼ਬੂਤ ਕਰ ਸਕਦੇ ਹਨ। **ਐਨ.ਈ.ਪੀ. 2020 ਦੇ "ਸਾਰਿਆਂ ਲਈ ਗੁਣਵੱਤਾ ਵਾਲੀ ਸਿੱਖਿਆ" ਦੇ ਦ੍ਰਿਸ਼ਟੀਕੋਣ** ਨੂੰ ਅੱਗੇ ਵਧਾ ਕੇ ਅਤੇ ਐਸ.ਐਮ.ਸੀਜ਼. ਰਾਹੀਂ ਭਾਈਚਾਰਕ ਮਾਲਕੀ ਨੂੰ ਉਤਸ਼ਾਹਿਤ ਕਰਕੇ, ਭਾਰਤ ਆਪਣੇ ਸਕੂਲਾਂ ਨੂੰ ਸਿੱਖਣ ਦੇ **ਸਮਾਵੇਸ਼ੀ, ਗਤੀਸ਼ੀਲ ਅਤੇ ਰਾਸ਼ਟਰ-ਨਿਰਮਾਣ ਕੇਂਦਰਾਂ ਵਿੱਚ ਬਦਲ ਸਕਦਾ ਹੈ**।

***

## ਅਨੁਲੱਗ-I

**ਧਾਰਾ-3 ਵਿੱਚ ਦੱਸੀਆਂ ਗਈਆਂ ਸਕੂਲ ਪ੍ਰਬੰਧਨ ਕਮੇਟੀਆਂ (ਐਸ.ਐਮ.ਸੀ.) ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਤੋਂ ਇਲਾਵਾ, ਐਸ.ਐਮ.ਸੀ. ਹੇਠ ਲਿਖੀਆਂ ਗਤੀਵਿਧੀਆਂ ਦਾ ਸੰਚਾਲਨ ਜਾਂ ਨਿਗਰਾਨੀ ਵੀ ਕਰ ਸਕਦੀ ਹੈ:**

- ਇੱਕ ਸਾਫ਼, ਸੁਰੱਖਿਅਤ, ਸੁੰਦਰ ਅਤੇ ਪਾਲਣਹਾਰ ਤੇ ਨੈਤਿਕ ਵਾਤਾਵਰਣ ਪ੍ਰਦਾਨ ਕਰਨਾ
- ਰੋਜ਼ਾਨਾ ਦੇ ਕੰਮ ਜਿਵੇਂ ਕਿ ਪ੍ਰਾਰਥਨਾ ਸਭਾ ਦਾ ਪਾਲਣ ਯਕੀਨੀ ਬਣਾਉਣਾ
- ਪਛੜੇ ਸਮੂਹਾਂ ਦੇ ਵਿਦਿਆਰਥੀਆਂ ਲਈ ਉਪਚਾਰਆਤਮਕ ਕਲਾਸਾਂ (Remedial Classes) ਅਤੇ ਪੜ੍ਹਾਈ ਲਈ ਢੁਕਵੇਂ ਸਥਾਨਾਂ ਵਰਗੀਆਂ ਪ੍ਰਣਾਲੀਆਂ ਨੂੰ ਯਕੀਨੀ ਬਣਾਉਣਾ
- ਅਧਿਆਪਨ ਵਿੱਚ ਪ੍ਰਸੰਗਿਕ ਨਵੀਨਤਾਵਾਂ (ਖੇਤਰ ਵਿਸ਼ੇਸ਼) ਨੂੰ ਉਤਸ਼ਾਹਿਤ ਕਰਨਾ ਅਤੇ ਸੁਵਿਧਾਜਨਕ ਬਣਾਉਣਾ
- ਅਧਿਆਪਨ-ਸਿੱਖਣ ਦੇ ਸਰੋਤਾਂ ਤੱਕ ਪਹੁੰਚ ਵਿੱਚ ਸਹਾਇਤਾ ਕਰਨਾ
- ਭਾਰਤੀ ਪਰੰਪਰਾਵਾਂ ਵਿੱਚ ਰਚੀਆਂ ਹੋਈਆਂ ਪ੍ਰਦਰਸ਼ਨੀਆਂ ਅਤੇ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ
- ਯਕੀਨੀ ਬਣਾਉਣਾ ਕਿ ਸਫ਼ਾਈ, ਸਮਾਵੇਸ਼ਤਾ, ਸਤਿਕਾਰ, ਅਨੁਸ਼ਾਸਨ ਅਤੇ ਹਮਦਰਦੀ ਵਰਗੇ ਮੁੱਲ ਰੋਜ਼ਾਨਾ ਜੀਵਨ ਦਾ ਹਿੱਸਾ ਬਣਨ
- ਨਿਯਮਤ ਮਾਪੇ-ਅਧਿਆਪਕ-ਭਾਈਚਾਰੇ-ਸੰਚਾਲਿਤ ਦੇ ਆਪਸੀ ਤਾਲਮੇਲ ਜਾਂ ਆਪਸੀ ਤਾਲਮੇਲ ਜਾਂ ਸੰਪਰਕ ਵਿੱਚ ਸਹਾਇਤਾ ਕਰਨਾ
- ਅਧਿਆਪਕਾਂ ਦੇ ਪੇਸ਼ੇਵਰ ਸਨਮਾਨ ਦੀ ਰੱਖਿਆ ਕਰਨਾ
- ਭਾਈਚਾਰਕ ਸਹਿਯੋਗ ਰਾਹੀਂ ਅਧਿਆਪਕਾਂ ਦੀ ਮਦਦ ਕਰਨਾ
- ਪਹਿਲੀ ਪੀੜ੍ਹੀ ਦੇ ਸਿੱਖਿਆਰਥੀਆਂ (first-generation learners) ਦੇ ਸਮਾਵੇਸ਼ ਵਿੱਚ ਸਹਾਇਤਾ ਕਰਨਾ
- ਲਿੰਗ ਅਤੇ ਸਮਾਜਿਕ ਬਰਾਬਰੀ ਨੂੰ ਯਕੀਨੀ ਬਣਾਉਣਾ
- ਹਰ ਬੱਚੇ ਦੀ ਭਾਵਨਾਤਮਕ ਸੁਰੱਖਿਆ ਅਤੇ ਮਾਣ-ਸਨਮਾਨ ਨੂੰ ਯਕੀਨੀ ਬਣਾਉਣਾ

***

**ਸਕੂਲ ਵਿਕਾਸ ਯੋਜਨਾ ਦੇ ਵਿਸਤ੍ਰਿਤ ਮਾਰਗਦਰਸ਼ਕ ਸਿਧਾਂਤ:**

ਸਕੂਲ ਦੀ ਕਲਪਨਾ ਇੱਕ ਸਮਾਵੇਸ਼ੀ, ਸਿੱਖਿਆ ਸ਼ਾਸਤਰੀ ਪੱਖੋਂ ਅਮੀਰ ਅਤੇ ਟਿਕਾਊ ਪਰਿਸਥਿਤੀ-ਪ੍ਰਣਾਲੀ ਵਜੋਂ ਕੀਤੀ ਗਈ ਹੈ, ਜੋ ਖ਼ਤਰਿਆਂ ਤੋਂ ਸੁਰੱਖਿਅਤ ਅਤੇ ਮਹਿਫੂਜ਼ ਹੋਵੇ ਅਤੇ ਜਿਸ ਵਿੱਚ ਹਰੀ ਇਮਾਰਤ (green building) ਦੇ ਨਿਯਮਾਂ ਦੇ ਨਾਲ-ਨਾਲ ਸੱਭਿਆਚਾਰਕ ਅਤੇ ਵਾਤਾਵਰਣਕ ਤੌਰ 'ਤੇ ਟਿਕਾਊ ਅਭਿਆਸਾਂ ਰਾਹੀਂ ਸਰੋਤਾਂ ਦੀ ਸੁਚੱਜੀ ਵਰਤੋਂ ਸ਼ਾਮਲ ਹੋਵੇ। ਸਕੂਲ ਵਿਕਾਸ ਯੋਜਨਾ ਲਈ ਮਾਰਗਦਰਸ਼ਕ ਸਿਧਾਂਤ ਹੇਠ ਲਿਖੇ ਹਨ:

- ਬੁਨਿਆਦੀ ਢਾਂਚੇ ਦੀ ਯੋਜਨਾ ਸਿੱਖਿਆ ਯੋਜਨਾ ਦੇ ਅਨੁਸਾਰ ਹੋਣੀ ਚਾਹੀਦੀ ਹੈ।
- ਬਾਲ-ਕੇਂਦ੍ਰਿਤ ਯੋਜਨਾਬੰਦੀ ਜਿਸ ਵਿੱਚ ਬੱਚੇ ਦੇ ਸਰਵਪੱਖੀ ਵਿਕਾਸ (ਸਰੀਰਕ, ਸਮਾਜਿਕ, ਭਾਵਨਾਤਮਕ ਅਤੇ ਬੌਧਿਕ) ਦਾ ਧਿਆਨ ਰੱਖਿਆ ਗਿਆ ਹੋਵੇ।
- ਸਾਰੇ ਬੱਚਿਆਂ ਦੀਆਂ ਲੋੜਾਂ ਅਤੇ ਸਕੂਲ ਵਿੱਚ ਉਨ੍ਹਾਂ ਦੁਆਰਾ ਲਿਆਂਦੀ ਜਾਣ ਵਾਲੀ ਵਿਭਿੰਨਤਾ ਪ੍ਰਤੀ ਸੰਵੇਦਨਸ਼ੀਲ ਹੋਣਾ।
- ਸਕੂਲ ਦੀ ਸਮੁੱਚੀ ਜਗ੍ਹਾ (ਅੰਦਰੂਨੀ ਅਤੇ ਬਾਹਰੀ) ਬੱਚੇ ਅਤੇ ਅਧਿਆਪਕ ਲਈ ਨਿਰੰਤਰ ਸਿੱਖਣ (learning continuum) ਦਾ ਸਥਾਨ ਹੈ, ਯੋਜਨਾਬੰਦੀ ਵੇਲੇ ਸਾਰੇ ਭਾਈਵਾਲਾਂ ਦੁਆਰਾ ਇਸ ਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ।
- BaLA ਦੇ ਵਿਚਾਰਾਂ ਦੀ ਵਰਤੋਂ ਕਰਦੇ ਹੋਏ ਸਕੂਲ ਦੀ ਸਮੁੱਚੀ ਜਗ੍ਹਾ ਨੂੰ ਮਨੋਰੰਜਨ ਅਤੇ ਸਿੱਖਣ ਦੀਆਂ ਗਤੀਵਿਧੀਆਂ ਦੇ ਸਰੋਤ ਵਜੋਂ ਵਿਕਸਤ ਕਰਨਾ।
- ਸਾਰੇ ਬੱਚਿਆਂ ਲਈ ਇੱਕ ਸੁਰੱਖਿਅਤ ਮਾਹੌਲ। ਸਾਰੇ ਬੱਚਿਆਂ ਲਈ ਸਾਫ਼-ਸੁਥਰਾ ਅਤੇ ਸਵੱਛ ਵਾਤਾਵਰਣ।
- ਸਮੁੱਚੇ ਸਕੂਲ ਦਾ ਇੱਕ ਸਰੋਤ ਵਜੋਂ ਵੱਧ ਤੋਂ ਵੱਧ ਲਾਭ ਉਠਾਉਣਾ - ਨਾ ਸਿਰਫ਼ ਉਸ ਸਕੂਲ ਦੇ ਬੱਚਿਆਂ ਅਤੇ ਅਧਿਆਪਕਾਂ ਲਈ, ਸਗੋਂ ਭਾਈਚਾਰੇ ਅਤੇ ਆਸ ਪਾਸ ਦੇ ਸਕੂਲਾਂ ਲਈ ਵੀ।
- ਸਥਾਨਕ ਸੰਦਰਭ ਅਤੇ ਪਰੰਪਰਾ - ਸਿਆਣਪ, ਸਮਾਜਿਕ ਲੋੜਾਂ, ਵਿਦਿਅਕ ਲੋੜਾਂ, ਸਭਿਆਚਾਰ, ਭੂ-ਵਿਗਿਆਨ, ਜਲਵਾਯੂ, ਜੀਵ-ਜੰਤੂਆਂ ਅਤੇ ਬਨਸਪਤੀ ਆਦਿ ਪ੍ਰਤੀ ਸਤਿਕਾਰਪੂਰਨ ਹੋਣਾ।
- ਸਰੋਤਾਂ ਦੀ ਸਰਵੋਤਮ ਤਰੀਕੇ ਨਾਲ ਵਰਤੋਂ ਅਤੇ ਲਾਗਤ ਪ੍ਰਭਾਵਸ਼ੀਲਤਾ ਕੀਤੀ ਜਾਣੀ ਚਾਹੀਦੀ ਹੈ।
- ਵਾਤਾਵਰਣ ਦੇ ਟਿਕਾਊ ਡਿਜ਼ਾਈਨਾਂ ਵਿੱਚ ਚੰਗੀਆਂ ਪ੍ਰਥਾਵਾਂ ਨੂੰ ਸ਼ਾਮਿਲ ਕਰਨਾ - ਉਨ੍ਹਾਂ ਦਾ ਪ੍ਰਦਰਸ਼ਨ ਕਰਨਾ ਅਤੇ ਉਹਨਾਂ ਨੂੰ ਅਮਲ ਵਿੱਚ ਲਿਆਉਣਾ।
- ਸਕੂਲ ਭਵਨ ਦੇ ਸਰਵਪੱਖੀ ਵਿਕਾਸ ਲਈ ਉਪਭੋਗਤਾ-ਅਨੁਕੂਲ ਨਵੀਂ ਤਕਨਾਲੋਜੀ ਨੂੰ ਅਪਣਾਉਣਾ।
- ਸਮੁੱਚੀ ਯੋਜਨਾਬੰਦੀ ਸੰਬੰਧਿਤ ਸੇਵਾ ਖੇਤਰ ਵਿੱਚ ਜਨਸੰਖਿਆ ਦੇ ਰੁਝਾਨਾਂ ਦੇ ਅਨੁਕੂਲ ਹੋਣੀ ਚਾਹੀਦੀ ਹੈ।
- ਭਵਿੱਖ ਵਿੱਚ ਵਿਸਤਾਰ ਦੀ ਸੰਭਾਵਨਾਵਾਂ ਨੂੰ ਧਿਆਨ ਵਿੱਚ ਰੱਖ ਕੇ ਯੋਜਨਾ ਬਣਾਈ ਜਾਣੀ ਚਾਹੀਦੀ ਹੈ।

ਸਕੂਲਾਂ ਦੀ ਯੋਜਨਾਬੰਦੀ, ਡਿਜ਼ਾਈਨ ਅਤੇ ਉਸਾਰੀ ਦੌਰਾਨ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ (i) ਸਿੱਖਿਆ ਮੰਤਰਾਲੇ ਦੇ ਸਕੂਲ ਸੁਰੱਖਿਆ ਅਤੇ ਸੁਰੱਖਿਆ ਦਿਸ਼ਾ-ਨਿਰਦੇਸ਼, 2021, (ii) ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ (NDMA), 2016 ਦੁਆਰਾ ਜਾਰੀ ਰਾਸ਼ਟਰੀ ਆਫ਼ਤ ਪ੍ਰਬੰਧਨ ਦਿਸ਼ਾ-ਨਿਰਦੇਸ਼ - ਸਕੂਲ ਸੁਰੱਖਿਆ ਨੀਤੀ ਅਤੇ (iii) ਸੰਵਿਧਾਨਕ ਅਥਾਰਟੀਆਂ ਦੁਆਰਾ ਜਾਰੀ ਕੀਤੀਆਂ ਰਾਜ ਅਤੇ ਸਥਾਨਕ ਉਪ-ਵਿਧੀਆਂ ਅਨੁਸਾਰ ਵਾਤਾਵਰਣ, ਸਿਹਤ ਅਤੇ ਸੁਰੱਖਿਆ ਅਭਿਆਸਾਂ ਨੂੰ ਮਜ਼ਬੂਤ ਕਰਨ ਦੇ ਉਪਾਅ ਸ਼ਾਮਲ ਕੀਤੇ ਜਾਣ।

***

**ਸਕੂਲ/ਕਮੇਟੀ ਪੱਧਰ 'ਤੇ ਪ੍ਰਾਪਤ ਕੀਤੀਆਂ ਜਾਣ ਵਾਲੀਆਂ ਸੰਕੇਤਕ ਵਸਤੂਆਂ ਦੀ ਸੂਚੀ:**

- ਵਰਦੀਆਂ
- ਸਕੂਲਾਂ ਅਤੇ ਨਾਲ ਲੱਗਦੀਆਂ ਹੋਸਟਲ ਇਮਾਰਤਾਂ ਵਿੱਚ ਸਾਰੇ ਸਿਵਲ ਕੰਮ।
- ਫਰਨੀਚਰ।
- ਸਿੱਖਿਅਕ ਸਮੱਗਰੀ (TLM) ਅਤੇ ਪਾਠ ਪੁਸਤਕਾਂ।
- ਸਕੂਲ ਗ੍ਰਾਂਟ ਵਿੱਚੋਂ ਸਕੂਲਾਂ ਦੇ ਸੁਧਾਰ ਲਈ ਸਕੂਲੀ ਉਪਕਰਨ ਅਤੇ ਹੋਰ ਵਸਤੂਆਂ।
- ਰੱਖ-ਰਖਾਅ (maintenance) ਗ੍ਰਾਂਟ ਵਿੱਚੋਂ ਸਕੂਲੀ ਇਮਾਰਤਾਂ ਦੀ ਸਾਂਭ-ਸੰਭਾਲ।
- ਮੁਰੰਮਤ ਗ੍ਰਾਂਟ ਤੋਂ ਪ੍ਰਾਪਤ ਸਕੂਲਾਂ ਦੀ ਮੁਰੰਮਤ।
- ਸਿੱਖਣ ਸੁਧਾਰ ਪ੍ਰੋਗਰਾਮ (Learning enhancement Program) ਅਧੀਨ ਲੋੜੀਂਦੀ ਵਾਧੂ ਸਿੱਖਣ-ਸਿਖਾਉਣ ਸਮੱਗਰੀ ਅਤੇ ਹੋਰ ਵਸਤੂਆਂ
- ਪ੍ਰਯੋਗਸ਼ਾਲਾ ਉਪਕਰਨ।

***



